# ਸਾਈਂ ਸੁਨੇਹੜੇ ਘੱਲੇ

ਆਜ਼ਮ ਮਲਿਕ

# ਸਾਈਂ ਸੁਨੇਹੜੇ ਘੱਲੇ

ਆਜ਼ਮ ਮਲਿਕ

ਸੂਰਜਾਂ ਦੇ ਵਾਰਿਸ ਪ੍ਰਕਾਸ਼ਨ

***Sai Sunehre ghalle***
*Azam Malik ©*
*Email– azammalok65@ gmail.com*
*Instagram– Azammalik65*
*What's app– 00923008478483*
*FB– Azammalikofficical*

*M.R.P* - 160/-
*I.S.B.N* - "978-81-945845-4-4"
*Edition - 4th*

*Publication*
*Soorjan de waris publication*
*Bathinda, Patiala, rampura*
*Gurpreet Singh Thind*
*M. 8648893000*
*Shihnaz , Arazpreet, Jagmeet*

# ਸਮਰਪਣ

ਰੁੜ੍ਹਦੇ ਖਿੰਦੇ ਪੰਜਾਬ ਦੇ

ਪੰਜਾਬੀ ਪਿਆਰਿਆਂ ਦੇ ਨਾਂ

ਰਾਂਝਣ ਯਾਰ ਤਬੀਬ ਸੁਣੀਦਾ

ਮੈਂ ਤਨ ਦਰਦ ਅਵੱਲੇ,

ਕਹੇ ਹੁਸੈਨ ਫਕੀਰ ਨਿਮਾਣਾ

ਸਾਈਂ ਸੁਨੇਹੜੇ ਘੱਲੇ।

ਸ਼ਾਹ ਹੁਸੈਨ

## ਤਤਕਰਾ

### ਗ਼ਜ਼ਲਾਂ


- ਆਜ਼ਮ ਮਲਿਕ ਦੀ ਸ਼ਾਇਰੀ – 11
- ਆਪਣੀ ਗੱਲ- 14
- ਲੇਖਕ ਨਾਲ ਜਾਣ- ਪਛਾਣ 16
- ਘੋਲਣ ਵਿੱਸਾ ਲੋਕੀਂ – 17
- ਦਾਅਵੇ ਕਰਕੇ ਯਾਰੀ ਦੇ – 18
- ਜੇ ਨਹੀਂ ਲੱਗਣਾ ਭਾਰ ਕਿਸੇ ਦਾ- 19
- ਜਿੰਦ ਨਿਮਾਣੀ- 20
- ਸਮਝੋ ਉਹੀ ਪੂਰੀ ਏ – 21
- ਮਾਂ ਹੁੰਦੀ ਏ- 22
- ਵੇਲੇ ਦਿੱਤਾ ਲੱਭ ਨੀ ਮਾਂ- 23
- ਹਾਣੀਆਂ ਨੂੰ ਹਾਣੀਆਂ ਦੇ ਦੁੱਖ ਨੇ- 24
- ਮੈਨੂੰ ਲਗਦਾ ਲੋਲ- 25
- ਐਵੇਂ ਤੇ ਨਈਂ – 26
- ਚੁੱਪ ਹਨੇਰਾ – 27
- ਤੇਰੇ ਰੰਗ – 28
- ਇਲਮ ਦਾ ਨਾਹੀਂ – 29
- ਪੈਰਾਂ ਥੱਲੇ ਰੋਵੇ ਸੂਰਜ – 30
- ਕੈਦੀਆਂ ਵਾਂਗੂ – 31
- ਰਦ ਸਰੀਰ ਨੂੰ – 32
- ਸੋਚਾਂ ਦਰ ਖੜਕਾਇਆ – 33
- ਏਸੇ ਗੱਲ ਦਾ ਸ਼ੁਕਰ – 34
- ਨ੍ਹੇਰੇ ਵਿੱਚ ਰੁਸ਼ਨਾਈ ਘੋਲ – 35

# ਤਤਕਰਾ

## ਨਜ਼ਮਾਂ


- ਸਾਈਂ ਸੁਨੇਹੜੇ ਘੱਲੇ- 36
- ਤਾਪ - 37
- ਦਿਲ ਕਰਦਾ ਏ - 38
- ਮਾਹੀ ਮੇਰਾ ਨਦੀਓ ਪਾਰ - 39
- ਵਿਛੋੜਾ – 40
- ਮੌਤ ਦੀ ਵਿੱਥ - 41
- ਮੈਂ ਆਦਮ ਦਾ ਜਾਇਆ - 42
- ਦਿਲ ਦਰਿਆ- 43
- ਅਖ਼ੀਰ - 44
- ਕੈਦ - 45
- ਪਾਣੀ ਦਰਦ ਹਯਾਤੀ ਦਾ - 46
- ਮੁਲਤਾਨ ਬਾਹੂ ਦੇ ਨਾਂ - 47
- ਬਹਿਰੂਪ - 48
- ਪਾਣੀ ਰੰਗੀ ਅੱਖ - 49
- ਡੇਰੇ ਦਾ ਸੁਕਰਾਤ - 50
- ਗੌਰਮਿੰਟ ਕਾਲਜ ਦੀ ਇੱਕ ਯਾਦ - 51
- ਇਕਲਾਪਾ – 52
- ਰੱਬ ਦਾ ਰੂਪ - 53
- ਇੱਕ ਹਯਾਤੀ ਭੋਗਣ ਦੇ ਲਈ - 54

## ਤਤਕਰਾ


- ਚੋਗ - 55
- ਸੱਧਰ - 56
- ਕਰੇਜ ਟੂ ਨੋ - 57
- ਧੜਕੂ - 58
- ਕੱਚੀ ਨੀਂਦਰ - 59
- ਪਲਕ ਬਨੇਰੇ - 60
- ਹੋਂਦ - 61
- ਤਾਂਘ - 62
- ਧੀਆਂ ਲਈ - 63
- ਕੂਕ - 64
- ਪਲੂਸ਼ਣ - 65
- ਪ੍ਰੋਟੋਕੋਲ - 66
- ਬੁਸ਼ਾਰਤ - 67
- ਧਰਤੀ ਦਾ ਮਾਣ - 68
- ਢੋਲੇ ਦੀ ਗੱਲ - 69
- ਰੱਬ - 70
- ਮਿੱਟੀ ਦਾ ਮੋਹ – 71
- ਤਮਾਸ਼ਾ - 72
- ਝੋਰਾ - 73

# ਤਤਕਰਾ


- ਰੱਤ ਈ ਵੈਰੀ ਜਾਪੇ - 74
- ਉਪਰੀ ਥਾਂ - 75
- ਕੂੰਜਾਂ ਮੋਈਆਂ - 76
- ਮੇਰੇ ਦਿਲ ਜੀਵਨ ਦੇ ਚਾਅ 77-78
- ਡੂੰਘੇ ਫੱਟ - 79
- ਹਾੜ੍ਹਾ - 80-81
- ਬੋਲੀਆਂ - 82-86
- ਟੱਪੇ - 87-91
- ਮਾਹੀਏ – 92-95

# ਆਜ਼ਮ ਮਲਿਕ ਦੀ ਸ਼ਾਇਰੀ

ਸੰਤਾਲੀ ਦੀ ਦੇਸ਼ ਦੀ ਵੰਡ ਨੇ ਸਿਰਫ਼ ਪੰਜਾਬ ਦੀ ਭੋਇੰ ਦੇ ਹੀ ਦੋ ਟੋਟੇ ਨਹੀਂ ਕੀਤੇ ਸਗੋਂ ਪੰਜਾਬੀ ਜ਼ੁਬਾਨ ਨੂੰ ਵੀ ਵਿਚਾਲਿਓਂ ਵੱਢ ਮਾਰ ਦਿੱਤਾ। ਮੈਕਮਹਨ- ਲਕੀਰ ਨੇ ਉੱਚੀ ਕੰਧ ਬਣਾ ਕੇ ਸਾਡੀ ਰਹਿਤਲ ਦਾ ਵਿਹੜਾ ਹੀ ਵੰਡ ਦਿੱਤਾ। ਕੰਧ ਉਹਲੇ ਪਰਦੇਸ ਹੋ ਗਿਆ। ਕੋਈ ਪੰਜਾਹ- ਸੱਠ ਸਾਲ ਤਾਂ ਉੱਕਾ ਹੀ ਪਤਾ ਨਹੀਂ ਲੱਗਿਆ ਕਿ- ਦੂਜੇ ਦੀ ਜ਼ੁਬਾਨ ਜਾਂ ਅਦਬ ਵਿੱਚ ਕੀ ਹੋ ਰਿਹਾ ਹੈ। ਹੁਣ ਕੋਈ ਪੰਦਰਾਂ ਵੀਹਾਂ ਵਰ੍ਹਿਆਂ ਤੋਂ ਕੁਝ ਆਦਾਨ ਪ੍ਰਦਾਨ ਹੋਣ ਲੱਗਾ ਹੈ, ਕੁਝ ਸੋਅ ਲੱਗਣ ਲੱਗੀ ਹੈ ਕਿ ਇੱਕ ਦੂਜੇ ਪਾਸੇ ਕੀ ਵਾਪਰ ਰਿਹਾ ਹੈ। ਸੋਸ਼ਲ ਮੀਡੀਆ ਦਾ ਦੌਰ ਚਿਰਾਂ ਦੇ ਬੰਦ ਭਿੱਤਾਂ ਨੂੰ ਤੇਜ਼ੀ ਨਾਲ ਖੋਲ੍ਹਣ ਲੱਗਾ ਹੈ। ਹੁਣ ਇੱਕ ਦੂਜੇ ਦੇ ਮੂੰਹ ਵੀ ਦਿਸਣ ਲੱਗੇ ਨੇ ਤੇ ਇੱਕ ਦੂਜੇ ਦੀ ਸ਼ਾਇਰੀ / ਅਦਬ ਦਾ ਮੁਹਾਂਦਰਾ ਵੀ ਪਛਾਣਿਆ ਜਾਣ ਲੱਗਾ ਹੈ।

ਲਹਿੰਦੇ ਪੰਜਾਬ ਵਿੱਚ, ਚੜ੍ਹਦੇ ਪੰਜਾਬ ਦੇ ਮੁਕਾਬਲਤਨ ਪੰਜਾਬੀ ਭਾਸ਼ਾ ਦੀਆਂ ਮੁਸ਼ਕਲਾਂ ਡਾਢੀਆਂ ਹਨ। ਉੱਥੇ ਉਰਦੂ ਦਾ ਗਲਬਾ ਸਿਆਸੀ ਜ਼ਮੀਨ ਤੋਂ ਲੈ ਕੇ ਮਾਂ ਬੋਲੀ ਦੀ ਖ਼ੁਦਮੁਖ਼ਤਾਰੀ ਦੀ ਜੱਦੋ—ਜਹਿਦ ਤੱਕ ਫੈਲਿਆ ਹੋਇਆ ਹੈ। ਪੰਜਾਬੀ ਵੱਡੇ ਖਿੱਤੇ ਦੇ ਬੋਲਣ ਹਾਰਿਆਂ ਦੀ ਜ਼ੁਬਾਨ ਹੋਣ ਦੇ ਬਾਵਜੂਦ ਇਸ ਦੀ ਰਾਖੀ ਲਈ ਨਿੱਤ ਮੁਹਿੰਮਾਂ ਵਿੱਢਣੀਆਂ ਪੈਂਦੀਆਂ ਹਨ। ਸਰਕਾਰ ਦਾ ਬਣਦਾ ਹੁੰਗਾਰਾ ਬਹੁਤ ਮੱਠਾ ਹੈ। ਚੜ੍ਹਦੇ ਤੇ ਲਹਿੰਦੇ ਪੰਜਾਬ ਦੀ ਸ਼ਾਇਰੀ ਵਿੱਚ ਦਿਸਦੇ ਵੱਡੇ ਖੱਪੇ ਦਾ ਕਾਰਨ ਵੀ ਇਹੀ ਹੈ। ਇਹੀ ਕਾਰਨ ਹੈ ਕਿ ਪਾਕਿਸਤਾਨ ਦੀ ਪੰਜਾਬੀ ਸ਼ਾਇਰੀ ਲੋਕ ਰੰਗ ਦੇ ਵਧੇਰੇ ਨੇੜੇ ਹੈ। ਇਸ ਵਿੱਚ ਉਥੋਂ ਦੇ ਲੇਖਕਾਂ ਦੇ ਅਚੇਤ- ਸੁਚੇਤ ਯਤਨ ਸ਼ਾਮਿਲ ਹਨ। ਉਧਰਲੀ ਸ਼ਾਇਰੀ ਦਾ ਲਹਿਜਾ ਲੋਕ ਮਨ ਦੀ ਨਜ਼ਦੀਕੀ ਵਾਲਾ ਹੈ। ਇਸ ਦੀ ਬਣਤਰ ਲੋਕ ਮੁਹਾਵਰੇ ਵਾਲੀ ਹੈ। ਇਸ ਦੇ ਵਿਸ਼ੇ ਲੋਕ ਮਨ ਦੀ ਸਾਦਗੀ ਸਾਂਭੀ ਫਿਰਦੇ ਹਨ। ਲਹਿੰਦੇ ਪੰਜਾਬ ਦੇ ਤਕਰੀਬਨ ਹਰੇਕ ਪੰਜਾਬੀ ਸ਼ਾਇਰ ਨੇ ਲੋਕ ਰੰਗ ਦੀਆਂ ਬੋਲੀਆਂ ਜ਼ਰੂਰ ਲਿਖੀਆਂ ਹਨ।

ਇਸ ਮੁਖ਼ਤਸਰ ਤਮਹੀਦ, {ਭੂਮਿਕਾ} ਦੀ ਗਲੀ ਵਿੱਚੋਂ ਲੰਘ ਕੇ ਆਜ਼ਮ ਮਲਿਕ ਦੀ ਸ਼ਾਇਰੀ ਕੋਲ ਆਉਂਦੇ ਹਾਂ। ਹਥਲੀ ਕਿਤਾਬ "ਸਾਈਂ ਸੁਨੇਹੜੇ ਘੱਲੇ" ਦੀਆਂ ਪਹਿਲਾਂ ਤਿੰਨ ਛਾਪਾਂ, ਸ਼ਾਹਮੁਖੀ ਵਿੱਚ ਛਪ ਚੁੱਕੀਆ ਨੇ ਤੇ ਇਹ ਚੌਥੀ ਛਾਪ ਗੁਰਮੁਖੀ ਵਿੱਚ ਛਪ ਰਹੀ ਹੈ।

ਇਸ ਮੁਖ਼ਤਸਰ ਤਮਹੀਦ, {ਭੂਮਿਕਾ} ਦੀ ਗਲੀ ਵਿੱਚੋਂ ਲੰਘ ਕੇ ਆਜ਼ਮ ਮਲਿਕ ਦੀ ਸ਼ਾਇਰੀ ਕੋਲ ਆਉਂਦੇ ਹਾਂ । ਹਥਲੀ ਕਿਤਾਬ "ਸਾਈਂ ਸੁਨੇਹੜੇ ਘੱਲੇ" ਦੀਆਂ ਪਹਿਲਾਂ ਤਿੰਨ ਛਾਪਾਂ, ਸ਼ਾਹਮੁਖੀ ਵਿੱਚ ਛਪ ਚੁੱਕੀਆ ਨੇ ਤੇ ਇਹ ਚੌਥੀ ਛਾਪ ਗੁਰਮੁਖੀ ਵਿੱਚ ਛਪ ਰਹੀ ਹੈ । ਇਸ ਤੋਂ ਪਹਿਲਾ ਆਜ਼ਮ ਮਲਿਕ ਦੀ ਸ਼ਾਇਰੀ ਦਾ ਇੱਕ ਪਰਾਗਾ 'ਨਾਲ ਕੋਈ ਮੇਰੇ ਚੱਲੇ' ਛਪ ਚੁੱਕਾ ਹੈ ।

ਆਜ਼ਮ ਮਲਿਕ ਬੁਨਿਆਦੀ ਤੌਰ ਤੇ ਵਿਛੋੜੇ ਦੀ ਚੀਸ ਦਾ ਸ਼ਾਇਰ ਹੈ ਜਿਸਦੀ ਇਸ਼ਾਰਾ ਉਸ ਦੀਆਂ ਕਾਵਿ-ਕਿਤਾਬਾਂ ਦੇ ਸਿਰਲੇਖਾਂ ਤੋਂ ਵੀ ਮਿਲਦਾ ਹੈ । ਸ਼ਾਹ ਹੁਸੈਨ ਉਸ ਹੀ ਅਗਵਾਈ ਕਰਦਾ ਹੈ । ਉਸ ਦੇ ਹਿਜਰ ਦੇ ਅਨੁਭਵ ਨੂੰ ਡੂੰਘਾ ਵੀ ਕਰਦਾ ਹੈ ਤੇ ਮੋਕਲਾ ਵੀ । ਪਤਾ ਲਗਦਾ
ਹੈ ਕਿ ਸੱਚਾ, ਅਸਲੀ ਤੇ ਵੱਡਾ ਹਿਜਰ ਕਿਸੇ ਦੂਜੇ ਤੋਂ ਵਿਛੜਨਾ ਨਹੀਂ ਹੁੰਦਾ ਸਗੋਂ ਆਪਣੇ ਆਪ ਤੋਂ ਵਿਜੋਗਿਆ ਜਾਣਾ ਹੁੰਦਾ ਹੈ । ਬੰਦੇ ਦਾ ਸਫ਼ਰ ਨੈਂ ਦੇ ਕਿਨਾਰਿਆਂ ਵਾਂਗ ਨਾਲ ਨਾਲ ਤੁਰਦਿਆਂ ਵੀ ਤਾਂਘ ਭਰ ਦੀ ਵਿੱਥ ਤੇ ਤੁਰਦਾ ਹੈ । ਇੱਥੇ ਦੂਜੇ ਨੂੰ ਜਾਣਨਾ , ਆਪਣੀ ਖ਼ਾਕ ਛਾਣਨ ਵਾਂਗ ਹੈ । ਇਹ ਸਫ਼ਰ ਪਿਆਰ ਦੇ ਦੇਸ਼ੋਂ ਕਿਸੇ ਅਣਜਾਣੀ ਧਰਤੀ ਵੱਲ ਤੁਰ ਪੈਣ ਦਾ ਸਫ਼ਰ ਹੈ , ਜਿਥੇ ਉਦਾਸੀ ਸਾਥੀ ਬਣ ਕੇ ਨਾਲ ਨਾਲ ਤੁਰਦੀ ਹੈ । ਟੱਬਰਾਂ ਵਿੱਚ ਰਹਿੰਦਿਆਂ ਹੋਇਆਂ ਵੀ ਇਕਲਾਪਾ ਝੱਲਣਾ ਪੈਂਦਾ ਹੈ ਆਪਣੀ ਰੱਤ ਹੀ ਵੈਰੀ ਹੋ ਗਈ ਲਗਦੀ ਹੈ । ਜਾਨ ਹਜ਼ਾਰਾਂ ਸੰਸਿਆਂ- ਝੋਰਿਆਂ ਦਾ ਭਾਰ ਚੁੱਕੀ ਫਿਰਦੀ ਹੈ । ਇੱਥੇ ਇਹ ਪਾਸ ਰਹਿੰਦਾ ਹੈ ਕਿ ਪਿਆਰਾ ਅੱਖਾਂ ਤੇ ਹੱਥ ਧਰੇ ਤਾਂ ਉਸ ਦੀ ਛੋਹ ਤੋਂ ਹੀ ਉਸ ਦੀ ਪਛਾਣ ਆ ਜਾਵੇ । ਇਥੇ ਪਿਆਰ ਨੂੰ ਲਿਖੇ ਖ਼ਤਾਂ ਦੇ ਉਸ ਵੱਲੋਂ ਪੜ੍ਹੇ ਜਾਣ ਤੋਂ ਪਹਿਲਾਂ ਹੀ ਪਾੜ ਕੇ ਸੁੱਟ ਦੇਣ ਦਾ ਖ਼ੌਫ਼ ਵੀ ਨਾਲ-ਨਾਲ ਤੁਰਦਾ ਹੈ । ਮਲਿਕ ਦੀ ਸ਼ਾਇਰੀ ਵਿੱਚ ਹਿਜਰ , ਵਿਛੋੜੇ ਦੇ ਅਨੇਕਾਂ ਰੰਗ ਹਨ । ਇੱਥੇ ਪਿਆਰੇ ਦੇ ਮੁੱਖ ਵਿਖਾਉਣ ਨਾਲ ਦਿਨ ਚੜ੍ਹ ਜਾਂਦਾ ਹੈ । ਇਥੇ ਐਸੀਆਂ ਰਾਤਾਂ ਨੇ ਹਿਜਰ ਵਾਲੀਆਂ, ਕਿ ਬੰਦਾ ਤਾਰੇ ਨਹੀਂ ਗਿਣਦਾ , ਤਾਰੇ ਬੰਦੇ ਦੇ ਵਿਛੋੜੇ ਦੇ ਪਲ ਗਿਣਦੇ ਹਨ । ਆਜ਼ਮ ਮਲਿਕ ਦੀ ਸ਼ਾਇਰੀ ਵਿੱਚ ਧਰਤੀ , ਅੰਬਰ ਦੇ ਦੁੱਖਾਂ ਦੀ ਪੰਡ ਚੁੱਕੀ ਫਿਰਦੀ ਹੈ । ਇਹ ਸ਼ਾਇਰੀ ਦਸਦੀ ਹੈ ਕਿ ਸੂਰਜ ਬੇਸ਼ੱਕ ਹੱਥ ਭਰ ਦੀ ਵਿੱਥ ਤੇ ਹੀ ਕਿਉਂ ਨਾ ਹੋਵੇ ਸ਼ੀਸ਼ੇ ਦੇ ਜੁਸਿਆਂ ਦੇ ਪਰਛਾਵੇਂ ਨਹੀਂ ਬਣਦੇ ।

ਇਹੀ ਆਪਣੇ ਆਪ ਨੂੰ ਛਾਨਣਾ ਹੁੰਦਾ ਹੈ, ਆਪਣੇ ਆਪ ਨੂੰ ਜਾਣਨਾ । ਇਹ ਸ਼ਾਇਰੀ ਦਸਦੀ ਹੈ ਕਿ ਅਧੂਰੀ ਗੱਲ ਹੀ ਪੂਰੀ ਹੁੰਦੀ ਹੈ।

ਆਜ਼ਮ ਮਲਿਕ ਦੀ ਕਵਿਤਾ ਹਿਜਰ ਤੇ ਹਸਤੀ ਦੇ ਅੰਬਰਾਂ ਨੂੰ ਗਾਹੁੰਦੀ ਹੋਈ ਅਕਸਰ ਧਰਤੀ ਨੂੰ ਮੁਖਤਿਬ ਹੁੰਦੀ ਹੈ ਜਿੱਥੇ ਹਨੇਰੇ ਨੂੰ ਕੱਟਣ ਲਈ ਅੱਖਰਾਂ ਦਾ ਚਾਨਣ ਚਾਹੀਦਾ ਹੈ । ਜਿਥੇ ਆਪਣੀ ਹੋਂਦ ਜਤਾਉਣ ਲਈ ਬੋਲਣਾ ਪੈਂਦਾ ਹੈ । ਇਹ ਸ਼ਾਇਰੀ ਰਮਜ਼ੀ ਚੁੱਪ ਤੋਂ ਬੋਲਣ ਵੱਲ ਮੋੜਾ ਕੱਟਦੀ ਮਿਹਨਤਕਸ਼ , ਕਿਸਾਨ , ਕਿਰਤੀ ਮਜਦੂਰ ਨੂੰ ਸੰਬੋਧਨ ਕਰਦੀ ਹੈ , ਜਿਸਦੇ ਮੁੜ੍ਹਕੇ ਵਿੱਚੋਂ ਸੱਜਰੇ ਪਣ ਦੀ ਕਨਸੋਅ ਮਿਲਦੀ ਹੈ । ਜਿਸ ਦੇ ਹੱਥਾਂ ਦੇ ਚੰਡਾਂ ਨਾਲ ਮੰਡੀਆਂ ਆਬਾਦ ਰਹਿੰਦੀਆਂ ਹਨ, ਉਸ ਦੇ ਛਾਲਿਆਂ ਦਾ ਪਾਣੀ ਫਸਲਾਂ ਨੂੰ ਹਰਾ ਰਖਦਾ ਹੈ । ਆਜ਼ਮ ਦੀ ਸ਼ਾਇਰੀ ਬੁਲੰਦ ਆਵਾਜ਼ ਵਿੱਚ ਬੋਲਦੀ ਹੈ ਕਿ ਜਦੋਂ ਕੰਮੀ ਦਾ ਪੁੱਤ ਬਸਤਾ ਚੁੱਕ ਕੇ ਸਕੂਲ ਜਾਣ ਲਗਦਾ ਹੈ ਤਾਂ ਵਡੇਰਿਆਂ ਨੂੰ ਤਾਪ ਚੜ੍ਹ ਜਾਂਦਾ ਹੈ । ਜਦੋਂ ਤੋਲਣ ਵਾਲਾ ਝੋਲ ਮਾਰਦਾ ਹੈ ਤਾਂ ਇਹ ਦੁਬਾਰਾ ਤੋਲਣ ਦੀ ਤਕੀਦ ਕਰਦੀ ਹੈ ।

ਆਜ਼ਮ ਮਲਿਕ ਪਾਕਿਸਤਾਨੀ ਪੰਜਾਬੀ ਕਵਿਤਾ ਦੀ ਪੱਕੀ ਰੀਤ ਵਿੱਚ ਟਿਕਿਆ ਪਰਪੱਕ ਸ਼ਾਇਰ ਹੈ । ਜਿਸਦੀ ਸ਼ਾਇਰੀ ਵਿੱਚ ਹਸਤੀ ਵੀ ਬੋਲਦੀ ਹੈ , ਧਰਤੀ ਵੀ ਗੂੰਜਦੀ ਹੈ । ਉਹ ਰੂਹਾਨੀ ਰੰਗਤ ਵਾਲਾ ਵੀ ਹੈ, ਲੋਕਾਈ ਦੇ ਦਰਦ ਨੂੰ ਜ਼ੁਬਾਨ ਦੇਣ ਵਾਲਾ ਵੀ । ਉਸ ਨੂੰ ਸੂਫ਼ੀ ਵੀ ਪ੍ਰੇਰਦੇ ਹਨ ਤੇ ਤਰੱਕੀ-ਪਸੰਦ ਵੀ । ਉਹ ਗਹਿਰਾ ਵੀ ਹੈ ਸਾਦਾ ਵੀ । ਇਹੀ ਉਸ ਦੀ ਸ਼ਾਇਰੀ ਦੀ ਤਾਕਤ ਹੈ ।

ਗੁਰਤੇਜ ਕੋਹਾਰਵਾਲਾ

## ਆਪਣੀ ਗੱਲ

ਜੱਗ ਦੀ ਪੀੜ,ਚਾਹ ਦੀ ਥੋੜ, ਤੇ ਹਿਜਰ ਦੀ ਮਾਰ ਨੂੰ ਲਫ਼ਜ਼ਾਂ ਦੇ ਚੋਲੇ ਤੇ ਗਹਿਣੇ ਪਵਾਉਣਾ, ਤੇ ਉਹਨਾਂ ਦਾ ਰੰਗ ਰੂਪ ਸੰਵਾਰਨਾ ਹੀ ਸ਼ਾਇਰੀ ਹੈ। ਹਰ ਬੰਦੇ ਦੀ ਪੀੜ ਆਪਣੀ ਆਪਣੀ ਹੁੰਦੀ ਹੈ, ਕਿਸੇ ਨੂੰ ਕਿਸੇ ਇੱਕ ਦੀ ਪੀੜ,ਕਿਸੇ ਨੂੰ ਲੋਕਾਈ ਦੀ ਤੇ ਕਿਸੇ ਕਿਸੇ ਨੂੰ ਸਾਰੇ ਜੱਗ ਦੀ। ਇਹ ਰੱਬ ਸੋਹਣੇ ਦਾ ਖ਼ਾਸ ਕਰਮ ਐ ਕਿ ਉਹਨੇ ਖ਼ਲਕਤ ਦੀ ਪੀੜ ਮੇਰੇ ਅੰਗ ਸੰਗ ਕਰ ਦਿੱਤੀ ।ਆਪਣੇ ਅੰਦਰ ਦੇ ਦੁੱਖ ਨੂੰ ਜੱਗ ਨਾਲ ਸਾਂਝਾ ਕਰਨ ਲਈ ਮੈਂ ਸ਼ਿਅਰ ਦਾ ਆਸਰਾ ਲਿਆ। ਸਰਦੇ ਪੁੱਜਦਿਆਂ ਵੱਲੋਂ, ਗਰੀਬਾਂ ਨਾਲ ਹੋਣ ਵਾਲੀਆਂ ਬੇਇਨਸਾਫੀਆਂ ਨੂੰ ਆਪਣੀ ਹਿੰਮਤ ਨਾਲ ਰੋਕਣ ਦਾ ਚਾਰਾ ਕੀਤਾ, ਨਾਲੇ ਸਦੀਆਂ ਤੋਂ ਗ਼ੁਰਬਤ ਦੀ ਚੱਕੀ ਵਿੱਚ ਪਿਸਣ ਵਾਲਿਆਂ ਨਾਲ ਹੋਣ ਵਾਲੇ ਜ਼ੁਲਮ ਨੂੰ ਸ਼ਿਅਰੀ ਰੂਪ ਦੇ ਕੇ ਜ਼ਾਲਮਾਂ ਦੇ ਜ਼ੁਲਮ ਤੋਂ ਪਰਦਾ ਚੁੱਕਣ ਦੀ ਕੋਸ਼ਿਸ਼ ਵੀ ਕੀਤੀ।2 ਅਦਬ ਦੀ ਪੈਲੀ ਵਿੱਚ ਵਾਹੀ ਬੀਜੀ ਕਰਨਾ ਔਖਾ ਕੰਮ ਏ, ਤੇ ਸ਼ਿਅਰ ਵਿੱਚ ਹੋਰ ਵੀ ਔਖਾ ਏ। ਏਸ ਪੈਲੀ ਵਿੱਚ ਲੋਕਾਈ ਦੀਆਂ ਪੀੜਾਂ ਦੀ ਫਸਲ ਬੀਜਣ ਤੇ ਉਹਦੀ ਭਾਲ ਕਰਨ ਨਾਲ ਹੋਰ ਕੁਝ ਲੱਭੇ ਨਾ ਲੱਭੇ ਆਪਣੇ ਆਪ ਦੀ ਪਛਾਣ ਜ਼ਰੂਰ ਹੋ ਜਾਂਦੀ ਐ। ਦੁਨੀਆਂਦਾਰ ਲਈ ਇਹ ਸੌਦਾ ਘਾਟੇਬੰਦ ਏ, ਏਸ ਲਈ ਇਸ ਪੈਲੀ ਵਿੱਚ ਕੋਈ ਵਿਰਲਾ ਹੀ ਹੁੰਦਾ ਐ ਜਿਹੜਾ ਖ਼ਲਕਤ ਦੇ ਦੁੱਖਾਂ ਦਰਦਾਂ ਦਾ ਛੱਟਾ ਦਿੰਦਾ ਨਜ਼ਰ ਆਉਂਦਾ ਏ। 3ਆਪਣੇ ਆਪ ਨੂੰ ਲੱਭਣ ਵਾਲੇ ਇਸ ਸਫ਼ਰ ਦੇ ਕਈ ਦਾਨੇ ਪ੍ਰਧਾਨੇ ਬਾਜ਼ੀ ਜਿੱਤਣ ਦੇ ਆਹਰ ਵਿੱਚ ਆਪਣੀ ਹੋਂਦ ਗੁਆ ਚੁੱਕੇ ਨੇ। ਮੇਰੇ ਲਈ ਥੋੜੇ ਇਹ ਬਾਜ਼ੀ ਜਿੱਤਣੀ ਔਖੀ ਹੋਵੇ। ਜਿੱਤਣ ਵਾਲਿਆਂ ਚੋਂ ਈ ਕਿਸੇ ਨੇ ਆਖਿਆ ਸੀ ਕਿ "ਜੇ ਬੰਦੇ ਨੂੰ ਆਪਣੇ ਆਪ ਦੀ ਪਹਿਚਾਣ ਹੋ ਜਾਵੇ ਤਾਂ ਉਹਨੂੰ ਚੁੱਪ ਲੱਗ ਜਾਂਦੀ ਏ,ਤੇ ਜੇ ਉਹ ਬੋਲਣ ਲੱਗ ਪਵੇ ਤਾਂ ਸ਼ਾਇਰ।"4 ਸ਼ਿਅਰ ਨਾਲ ਮੇਰੀ ਜੁੜਤ ਸਕੂਲ ਦੇ ਦਿਨਾਂ ਵਿੱਚ ਹੀ ਹੋ ਗਈ ਸੀ। ਗੌਰਮਿੰਟ ਕਾਲਜ ਯੂਨੀਵਰਸਿਟੀ, ਲਾਹੌਰ ਵਿੱਚ ਐੱਮ ਏ ਫ਼ਾਰਸੀ ਦਾ ਤਾਲਿਬ ਇਲਮ ਹੁੰਦਿਆਂ ਵੀ ਮੈਂ 1993 ਵਿੱਚ ਪੰਜਾਬੀ ਮਜਲਸ ਦਾ ਸਦਰ ਬਣ ਗਿਆ। ਇਸ ਤੋਂ ਪਹਿਲਾਂ ਹੀ 1988 ਵਿੱਚ ਮੇਰੀ ਜੁੜਤ ਰੋਜ਼ਨਾਮਾ ਜੰਗ ਲਾਹੌਰ ਨਾਲ ਹੋ ਗਈ। ਮੁਕਾਮੀ ਸਿਆਸਤ ਵਿੱਚ ਹਿੱਸਾ ਲੈਣ ਤੇ ਆਲਮੀ ਪੱਧਰ ਦੇ ਅਦਾਰਿਆਂ ਨਾਲ ਕੰਮ ਕਰਨ ਦੀ ਵਜ੍ਹਾ ਨਾਲ ਜੀਵਨ ਦੀ ਦੌੜ ਵਿੱਚ ਪਿੱਛੇ ਰਹਿ ਜਾਣ ਵਾਲੇ ਮਾੜਿਆਂ ਨੂੰ ਨੇੜਿਉਂ ਵੇਖਣ ਤੇ ਜਾਨਣ ਦਾ ਮੌਕਾ ਮਿਲਿਆ।

ਕੁਝ ਖਾਨਦਾਨੀ ਪਿਛੋਕੜ ਦਾ ਅਸਰ, ਉੱਤੋਂ ਰੱਬ ਦੀ ਮਿਹਰ ਵੀ ਸੀ, ਮੈਂ ਹਮਾਤੜਾਂ ਦੇ ਦੁੱਖ ਦਰਦ ਨੂੰ ਆਪਣਾ ਜਾਣਦਿਆਂ ਪੂਰਾ ਟਿੱਲ ਮਾਰਿਆ ਕਿ ਉਹਨਾਂ ਦੇ ਦੁੱਖਾਂ ਦਾ ਸੀਰੀ ਬਣ ਜਾਵਾਂ ਤੇ ਫਿਰ ਇੰਝ ਈ ਹੋਇਆ।

ਕੱਚੀਆਂ ਪੱਕੀਆਂ ਪੀੜਾਂ ਦਾ ਇੱਕ ਪਰਾਗਾ, 'ਨਾਲ ਮੇਰੇ ਕੋਈ ਚੱਲੇ',1996 ਵਿੱਚ ਛਾਪੇ ਚੜ੍ਹਿਆ। ਮੇਰੀ ਪੰਜਾਬੀ ਸ਼ਾਇਰੀ ਦੇ ਦੂਜੇ ਪਰਾਗੇ,'ਸਾਈਂ ਸੁਨੇਹੜੇ ਘੱਲੇ' ਦਾ ਚੌਥਾ ਐਡੀਸ਼ਨ ਤੁਹਾਡੇ ਹੱਥਾਂ ਵਿੱਚ ਐ। ਮੈਂ ਲੋਕਾਈ ਦੀ ਪੀੜ ਤੁਹਾਡੇ ਨਾਲ ਸਾਂਝੀ ਕਰਨ ਵਿੱਚ ਕਿੰਨਾ ਕੁ ਕਾਮਯਾਬ ਹੋਇਆਂ ਹਾਂ।ਇਹ ਗੱਲ ਹੁਣ ਤੁਸਾਂ ਦੱਸਣੀ ਏ। ਸ਼ਾਇਰ ਹੋਣ ਦਾ ਦਾਅਵਾ ਤਾਂ ਦੂਰ ਦੀ ਗੱਲ ਏ, ਮੈਨੂੰ ਤੇ ਆਪ ਆਪਣੀ ਸਿਆਣ ਦਾ ਵੀ ਕੋਈ ਦਾਅਵਾ ਨਹੀਂ। ਹੱਥਲੇ ਪਰਾਗੇ ਵਿੱਚ ਮੇਰੇ ਕੁਝ ਹਾੜੇ ਨੇ ਤੇ ਲੋਕਾਈ ਦੀਆਂ ਪੀੜਾਂ ਨੂੰ ਸੁਕਾਣ ਲਈ "ਸਾਂਈ ਸੁਨੇਹੜੇ ਘੱਲੇ" ।

'ਸਾਈਂ ਸੁਨੇਹੜੇ ਘੱਲੇ' ਦੀਆਂ ਪਹਿਲੀਆਂ ਤਿੰਨਾਂ ਛਪਤਾਂ ਨੂੰ ਸਲਾਹੁਣ ਲਈ ਮੈਂ ਆਪਣੇ ਪੜ੍ਹਣਹਾਰਾਂ ਦੇ ਨਾਲ ਨਾਲ "ਮਹਿਕਾਂ ਅਦਬੀ ਬੋਰਡ"ਵੱਲੋਂ ਪਹਿਲਾ ਇਨਾਮ ਤੇ ਦਿਲ ਦਰਿਆ ਪਾਕਿਸਤਾਨ ਵੱਲੋਂ ਦੂਜਾ ਇਨਾਮ ਮਿਲਣ ਤੇ ਧੰਨਵਾਦੀ ਹਾਂ।

ਮੇਰੇ ਇਸ ਗੁਰਮੁਖੀ ਪਰਾਗੇ ਨੂੰ ਤੋੜ ਚਾੜ੍ਹਨ ਵਿੱਚ ਜਿਹੜੇ ਸੱਜਣਾਂ ਨੇ ਮੇਰਾ ਸਾਥ ਦਿੱਤਾ ਮੈਂ ਉਹਨਾਂ ਨੂੰ ਏਥੇ ਵਡਿਆਉਣਾ ਨਹੀਂ ਚਾਹੁੰਦਾ ਕਿਉਂ ਜੇ ਸੱਜਣ ਬੇਲੀ ਹੁੰਦੇ ਈ ਚੰਗਾ ਕਰਨ ਲਈ ਨੇ।

ਆਜ਼ਮ ਮਲਿਕ, ਜੁਲਾਈ 2020

## ਲੇਖਕ ਨਾਲ ਜਾਣ ਪਛਾਣ

ਆਜ਼ਮ ਮਲਿਕ ਲਹਿੰਦੇ ਪੰਜਾਬ ਵਿੱਚ ਵੱਸਦੇ ਇੱਕ ਨਵੇਕਲੇ ਤੇ ਵਿਲੱਖਣ ਸ਼ਾਇਰ ਹੋਣ ਦੇ ਨਾਲ ਨਾਲ ਪ੍ਰਕਾਸ਼ਕ, ਸੂਝਵਾਨ ਰੀਵਿਊ-ਕਾਰ ਅਤੇ ਪ੍ਰਸਿੱਧ ਬੁਲਾਰੇ ਵੀ ਹਨ । ਉਹਨਾਂ ਨੂੰ ਲਿਖਣ ਦੀ ਚੇਟਕ ਸਕੂਲ ਪੜ੍ਹਦੇ ਸਮੇਂ ਹੀ ਲੱਗੀ , ਉਹ 1993 ਵਿੱਚ ਗੌਰਮਿੰਟ ਕਾਲਜ ਲਾਹੌਰ ਦੇ ਪੰਜਾਬੀ ਮਜਲਿਸ਼ ਦੇ ਪ੍ਰਧਾਨ ਬਣੇ ਅਤੇ ਨਾਲ ਨਾਲ ਪਕਿਸਤਾਨ ਦੇ ਪ੍ਰਸਿੱਧ ਅਖ਼ਬਾਰ ਰੋਜਾਨਾ ਜੰਗ ਲਾਹੌਰ, ਦਾ ਫਰੰਟੀਅਰ ਪੋਸਟ, ਰੋਜਾਨਾ ਪਾਕਿਸਤਾਨ ਆਦਿ ਅਖ਼ਬਾਰਾਂ ਵਿੱਚ ਕੰਮ ਕਰਦੇ ਰਹੇ । ਉਹਨਾਂ ਐਮ. ਏ. ਪੰਜਾਬੀ, ਐਮ.ਏ. ਫ਼ਾਰਸੀ ਦੀ ਤਾਲੀਮ ਹਾਸਿਲ ਕੀਤੀ ਐਮ ਫਿਲ ਦਾ ਖੋਜ ਕਾਰਜ਼ ਕਰ ਰਹੇ ਹਨ ।

ਆਜ਼ਮ ਮਲਿਕ ਪੰਜਾਬੀ ਸਾਹਿਤ ਦੀ ਝੋਲੀ ਦੋ ਕਾਵਿ ਸੰਗ੍ਰਹਿ ਪਾ ਚੁੱਕੇ ਹਨ । ਪਹਿਲਾ "ਨਾਲ ਮੇਰੇ ਕੋਈ ਚੱਲੇ " ਸਿਰਲੇਖ ਅਧੀਨ ਛਪਿਆ ਦੂਜਾ "ਸਾਈਂ ਸੁਨੇਹੜੇ ਘੱਲੇ" ਤੁਹਾਡੇ ਹੱਥਾਂ ਵਿੱਚ ਹੈ । ਇਸ ਤੋਂ ਪਹਿਲਾਂ ਇਸ ਕਾਵਿ ਸੰਗ੍ਰਹਿ ਦੇ ਸ਼ਾਹਮੁਖੀ ਵਿੱਚ ਤਿੰਨ ਐਡੀਸ਼ਨ ਛਪ ਚੁੱਕੇ ਹਨ ਹਥਲਾ ਚੌਥਾ ਐਡੀਸ਼ਨ ਗੁਰਮੁਖੀ ਵਿੱਚ ਛਪ ਰਿਹਾ ਹੈ ।

ਆਜ਼ਮ ਮਲਿਕ ਵਾਰਿਸ ਸ਼ਾਹ ਦੀ ਪਵਿੱਤਰ ਨਗਰੀ ਸੇਖੂਪੁਰਾ ਵਿਖੇ ਜੰਮਿਆ ਪਲਿਆ । ਉਹ ਵਾਰਿਸ ਸ਼ਾਹ ਡਿਗਰੀ ਕਾਲਜ ਵਿੱਚ ਇੱਕ ਸਾਲ ਪੰਜਾਬੀ ਅਧਿਆਪਕ ਦੀਆਂ ਸੇਵਾਵਾਂ ਵੀ ਨਿਭਾ ਚੁੱਕੇ ਹਨ । ਇਸ ਤੋਂ ਇਲਾਵਾ ਆਜ਼ਮ ਮਲਿਕ ਨੇ ਵਾਰਿਸ ਸ਼ਾਹ ਦੇ ਚੋਣਵੇਂ ਕਲਾਮ ਦਾ ਉਰਦੂ ਵਿੱਚ ਤਰਜਮਾ ਵੀ ਕੀਤਾ ਅਤੇ ਵਿਸ਼ਵ ਪ੍ਰਸਿੱਧ ਕਹਾਣੀਆਂ ਦਾ ਪੰਜਾਬੀ ਤਰਜਮਾ ਵੀ ਕਰ ਚੁੱਕੇ ਹਨ ।

ਆਜ਼ਮ ਮਲਿਕ ਦੇ ਜੀਵਨ ਦੇ ਅਨੇਕਾਂ ਰੰਗ ਹਨ ਪਰ ਸਭ ਰੰਗਾਂ ਦੇ ਕੇਂਦਰ ਵਿੱਚ ਲੋਕਾਈ ਦਾ ਦਰਦ ਹੈ ਜਿਸ ਅੱਗੇ ਬਾਕੀ ਸਭ ਰੰਗ ਫਿੱਕੇ ਪੈ ਜਾਂਦੇ ਹਨ । ਉਹ ਫਰੂਕਾਬਾਦ ਦੇ 1998 ਵਿੱਚ ਕੌਂਸਲਰ ਬਣੇ ਬਾਅਦ ਵਿੱਚ ਵਾਇਸ ਚੇਅਰਮੈਨ ਚੁਣੇ ਗਏ । ਇਸ ਤੋਂ ਇਲਾਵਾ ਜਿਲ੍ਹਾ ਕੌਂਸਲ ਦੇ ਮੈਂਬਰ ਵੀ ਰਹੇ । ਉਹ ਵੱਖ ਵੱਖ ਯੂਨੀਵਰਸਿਟੀਆਂ ਵਿੱਚ ਜਾ ਕੇ ਅਮਨ ਅਤੇ ਸ਼ਾਂਤੀ ਦੇ ਪੈਗਾਮ ਵੰਡਦੇ ਰਹੇ ਹਨ । ਉਹਨਾਂ ਦੇਸ਼ ਦੀਆਂ ਸਰਕਾਰੀ ਗੈਰ ਸਰਕਾਰੀ ਸੰਸਥਾਵਾਂ , ਬੈਨਜ਼ੀਰ , ਆਈ.ਐਸ.ਪੀ., ਇਲੈਕਸ਼ਨ ਕਮਿਸ਼ਨ ਆਫ ਪਾਕਿਸਤਾਨ ਤੋਂ ਇਲਾਵਾ ਅੰਤਰਰਾਸ਼ਟਰੀ ਅਦਾਰੇ ਯੂ ਐਨ ਡੀ. ਪੀ. ,ਯੂਨੀਸੈਫ ,ਦਾ ਏਸੀਆ ਫਾਊਂਡੇਸ਼ਨ ਆਦਿ ਸੰਸਥਾਵਾਂ ਨਾਲ ਟਰੇਨਰ ਦੇ ਤੌਰ ਤੇ ਕੰਮ ਕੀਤਾ ।

{ ਪ੍ਰਕਾਸ਼ਕ ਵੱਲੋਂ }

## ਗ਼ਜ਼ਲ

ਘੋਲਣ ਵਿੱਸਾਂ ਲੋਕੀ ਸ਼ਹਿਰਾਂ ਬਾਗਾਂ ਦੇ
ਸੱਪਾਂ ਜਿਹੇ ਕਿਰਦਾਰ ਨੇ ਏਥੇ ਯਾਰਾਂ ਦੇ

ਹੁਣ ਤੇ ਇਸ ਬਸਤੀ ਦਾ ਰੱਬ ਹੀ ਰਾਖਾ ਏ
ਨੀਤਾਂ ਦੇ ਵਿੱਚ ਖੋਟ ਨੇ ਪਹਿਰੇਦਾਰਾਂ ਦੇ

ਜਾਵਣ ਵਾਲੇ ਨੀਂਦਰ ਨਾਲ ਹੀ ਲੈ ਗਏ ਨੇ
ਅੱਖੀਆਂ ਵਿੱਚ ਜਗਰਾਤੇ ਨੇ ਦਿਲਦਾਰਾਂ ਦੇ

ਕਿੰਨੀਆਂ ਸੁੱਚੀਆਂ ਚੁੰਨੀਆਂ ਪੈਰੀਂ ਰੁਲੀਆਂ ਨੇ
ਸ਼ਿਮਲੇ ਅਜੇ ਵੀ ਉੱਚੇ ਨੇ ਸਰਦਾਰਾਂ ਦੇ

ਵੈਰ ਵਿਰੋਧ ਤੇ ਨਫ਼ਰਤ ਅੱਤਾਂ ਚਾਈਆਂ ਨੇ
ਕਦ ਆਵਣਗੇ ਖ਼ਬਰੇ ਮੌਸਮ ਪਿਆਰਾਂ ਦੇ

ਬੇਫ਼ੈਜ਼ਾਂ ਤੋਂ ਕੀ ਲੱਭਦੇ ਓ ਆਜ਼ਮ ਜੀ
ਅੱਕਾਂ ਤੇ ਨਹੀਂ ਲਗਦੇ ਫੁੱਲ ਅਨਾਰਾਂ ਦੇ

## ਗ਼ਜ਼ਲ

ਦਾਅਵੇ ਕਰਕੇ ਯਾਰੀ ਦੇ
ਮੁੜ ਨਈਂ ਯਾਰ ਵਿਸਾਰੀ ਦੇ

ਜਾਂ ਤੇ ਸਾਰੀ ਖੇਡ ਮੁਕਾ
ਨਈਂ ਤੇ ਸਾਨੂੰ ਵਾਰੀ ਦੇ

ਦਿਲ ਸੁਰਮਾਨੇ ਭਰਦਾ ਏ
ਅੱਖ ਦੀ ਕਾਰ ਗੁਜ਼ਾਰੀ ਦੇ

ਦਰਸ਼ਨ ਦਾਰੂ ਮੰਗਦੇ ਨੇ
ਰੋਗੀ ਇਸ਼ਕ ਬਿਮਾਰੀ ਦੇ

ਰੰਗ ਹਯਾਤੀ ਬਦਲੇਗੀ
ਆ ਕੇ ਹੱਥ ਲਲਾਰੀ ਦੇ

ਕਿੰਨੇ ਮਤਲਬ ਕੱਢੇ ਨੇ
ਲੋਕਾਂ ਕੰਧ ਉਸਾਰੀ ਦੇ

# ਗ਼ਜ਼ਲ

ਜੇ ਨਈਂ ਝੱਲਣਾ ਭਾਰ ਕਿਸੇ ਦਾ
ਕੀ ਸਦਵਾਣਾ ਯਾਰ ਕਿਸੇ ਦਾ

ਪਲਕਾਂ ਤੇ ਨਾ ਤਾਰੇ ਰੱਖੀਏ
ਕਰ ਲਈਏ ਇਤਬਾਰ ਕਿਸੇ ਦਾ

ਗੋਲ਼ੀ ਨਾਲੋਂ ਡਾਹਢਾ ਬੀਬਾ
ਨਾਂਹ ਵਰਗਾ ਇਕਰਾਰ ਕਿਸੇ ਦਾ

ਹਿਜਰ ਹੰਢਾਉਣਾ ਉਮਰਾਂ ਤੀਕਰ
ਹੁੰਦਾ ਏ ਦੁਸ਼ਵਾਰ ਕਿਸੇ ਦਾ

ਆਜ਼ਮ ਜ਼ਿੰਦੜੀ ਟੋਰੀ ਆਵੇ
ਹਾਂ ਵਰਗਾ ਇਨਕਾਰ ਕਿਸੇ ਦਾ

## ਗ਼ਜ਼ਲ

ਜਿੰਦ ਨਿਮਾਣੀ ਮੁੱਕਦੀ ਜਾਵੇ
ਕਿਹੜਾ ਦਰਦੀ ਦਰਦ ਵੰਡਾਵੇ

ਸੁੱਖ ਨੂੰ ਲੱਭਣ ਤੱਮੀਆਂ ਅੱਖਾਂ
ਦੁੱਖ ਦੇ ਮਿਲਦੇ ਸਭ ਵਰਤਾਵੇ

ਹਰ ਸ਼ੈਅ ਉੱਤੇ ਕੁਦਰਤ ਤੇਰੀ
ਲੱਖ ਪਿਆ ਕੋਈ ਰੱਬ ਅਖਵਾਵੇ

ਜੀਭਾਂ ਦੇ ਮੁੱਲ ਵੱਟੇ ਲੋਕਾਂ
ਕੀ ਕੋਈ ਸੱਚੀ ਗੱਲ ਸੁਣਾਵੇ

ਮੈਂ ਦਰਦਾਂ ਦਾ ਪਾਂਧੀ ਆਜ਼ਮ
ਕਿਹੜਾ ਮੇਰਾ ਸਾਥ ਨਿਭਾਵੇ

## ਗ਼ਜ਼ਲ

ਸਮਝੋ ਓਹ ਈ ਪੂਰੀ ਏ
ਜਿਹੜੀ ਗੱਲ ਅਧੂਰੀ ਏ

ਰੂਪ ਦਾ ਹਉਕਾ ਸੁਣਿਆ ਈ
ਆਖੇ ਅੱਖ ਜ਼ਰੂਰੀ ਏ

ਸਦਕੇ ਵਾਂਗਰ ਦੇਂਦਾ ਏ
ਜੋ ਮੇਰੀ ਮਜ਼ਦੂਰੀ ਏ

ਫੁੱਲਾਂ ਵਰਗੇ ਮੁੱਖੜੇ ਤੇ
ਹਾਸੇ ਭਿੰਨੀ ਘੂਰੀ ਏ

ਤੈਨੂੰ ਰੰਗਣਾ ਮਹਿਕਾਂ ਨਾਲ
ਚੇਤਰ ਦੀ ਮਜਬੂਰੀ ਏ

ਇੱਕੋ ਸਾਹ ਦਾ ਪੈਂਡਾ ਏ ਬਸ
ਆਜ਼ਮ ਕਿਹੜੀ ਦੂਰੀ ਏ

# ਗ਼ਜ਼ਲ

ਹੁੰਦੀ ਏ ਤੇ ਮਾਂ ਹੁੰਦੀ ਏ,
ਜਿਹਦੀ ਨਾ ਵੀ ਹਾਂ ਹੁੰਦੀ ਏ

ਬਾਲਾਂ ਨੂੰ ਜੋ ਵੰਡ ਕੇ ਬਚਦੀ ,
ਉਹ ਮੰਜੀ ਦੀ ਥਾਂ ਹੁੰਦੀ ਏ ,

ਜੇਕਰ ਬਾਪੂ ਰੂਪ ਏ ਰੱਬ ਦਾ,
ਮਾਂ ਜੰਨਤਾਂ ਦੀ ਛਾਂ ਹੁੰਦੀ ਏ ,

ਤੇਰੇ ਬਾਝੋਂ ਹਸਦੀ ਵਸਦੀ ,
ਕਸਮੇਂ ਮੂੰਹ ਸਰਾਂ ਹੁੰਦੀ ਏ ,

ਲੋਕੀ ਆਖਣ ਮਾਂ ਕੋਈ ਰੱਬ ਏ ,
ਆਜ਼ਮ ਤੂੰ ਕਹਿ ਹਾਂ ਹੁੰਦੀ ਏ ,

## ਗ਼ਜ਼ਲ

ਵੇਲੇ ਦਿੱਤਾ ਝੰਬ ਨੀ ਮਾਂ
ਝੜ ਗਏ ਸਾਡੇ ਖੰਭ ਨੀ ਮਾਂ

ਆਪਣੇ  ਲਹੂ ਵਿੱਚ ਲਿਬੜਨ ਲੋਕ
ਸੀਨੇ ਬੰਨ੍ਹ ਕੇ ਬੰਬ ਨੀ ਮਾਂ

ਵੇਲੇ ਦੀ ਚਲਾਕੀ ਵੇਖ
ਅੱਕੀ ਲੱਗੇ ਅੰਬ ਨੀ ਮਾਂ

ਹੱਥੀਂ ਦੀਵਾ ਬਾਲੇ ਦੀ ,
ਸਿਰ ਤੋਂ ਉੱਚੀ ਕੰਧ ਨੀ ਮਾਂ

ਤੱਕ ਆਜ਼ਮ ਦੀਆਂ ਟੌਹਰਾਂ ਨੂੰ
ਸੂਲੀ ਜਾਵੀ ਕੰਬ ਨੀ ਮਾਂ

# ਗ਼ਜ਼ਲ

ਹਾਣੀਆਂ ਨੂੰ ਹਾਣੀਆਂ ਦੇ ਦੁੱਖ ਨੇ
ਰਾਜਿਆਂ ਨੂੰ ਰਾਣੀਆਂ ਦੇ ਦੁੱਖ ਨੇ

ਦੋਹਾਂ ਪਾਸੇ ਅੱਗ ਪਈ ਬਲਦੀ
ਦੋਂਹ ਪਾਸੇ ਪਾਣੀਆਂ ਦੇ ਦੁੱਖ ਨੇ

ਪਲ਼ ਵਿੱਚ ਖੇਰੂੰ ਖੇਰੂੰ ਹੋ ਗਈਆਂ
ਸੰਗਤਾਂ ਨੂੰ ਢਾਣੀਆਂ ਦੇ ਦੁੱਖ ਨੇ

ਫਿਕਰਾਂ ਨੇ ਉਮਰਾਂ ਨੂੰ ਖਾ ਲਿਆ
ਧੀਆਂ ਮਰ-ਜਾਣੀਆ ਦੇ ਦੁੱਖ ਨੇ

ਨਵੇਂ ਦੌਰਾਂ ਵੇਹੜਿਆਂ ਦੀ ਰੀਝ ਨੂੰ
ਚਾਟੀਆਂ, ਮਧਾਣੀਆਂ ਦੇ ਦੁੱਖ ਨੇ

## ਗ਼ਜ਼ਲ

ਮੈਨੂੰ ਲਗਦੈ ਝੋਲ ਵੇ ਬੀਬਾ
ਫਿਰ ਇੱਕ ਵਾਰੀ ਤੋਲ ਵੇ ਬੀਬਾ

ਵੈਰੀ ਜੱਗ ਨੂੰ ਚੁੱਲ੍ਹੇ ਪਾਵਾਂ
ਤੂੰ ਜੇ ਹੋਵੇਂ ਕੋਲ ਵੇ ਬੀਬਾ

ਨ੍ਹੇਰਾ ਪੱਬਾਂ ਭਾਰ ਖਲ੍ਹਾ ਏ
ਪਹੁ ਫੁੱਟੇ ਕੁੱਝ ਬੋਲ ਵੇ ਬੀਬਾ

ਕਿਹੜੀ ਨੁੱਕਰੇ ਮੈਂ ਬੈਠਾ ਵਾਂ
ਆਪਣਾ ਅੰਦਰ ਫੋਲ ਵੇ ਬੀਬਾ

ਕੰਧਾਂ ਨੂੰ ਵੀ ਕੰਨ ਹੁੰਦੇ ਨੇ
ਆਜ਼ਮ ਹੌਲੀ ਬੋਲ ਵੇ ਬੀਬਾ

## ਗ਼ਜ਼ਲ

ਐਵੇਂ ਤੇ ਨਈਂ ਦੀਵਾ ਬਲਦਾ
ਪਾਲਣ ਕਰਨਾ ਪੈਂਦਾ ਗੱਲ ਦਾ

ਉਹਦੀਆਂ ਯਾਦਾਂ ਬੰਨ ਕੇ ਟੁਰ ਪਏ
ਓਬੜ ਰਾਹ ਤੇ ਪੈਂਡਾ ਥਲ ਦਾ

ਹਿਜਰ ਤੇਰੇ ਦੀ ਪੀਂਘ ਚੜ੍ਹੀ ਏ
ਮੌਤ ਹੁਲਾਰਾ ਕਿਸਰਾਂ ਠੱਲ ਦਾ

ਮੁੜ ਜਾਣਾ ਸੀ ਬਣਦਾ ਉਹਦਾ
ਕਿੱਥੋਂ ਤੀਕ ਉਹ ਮੋਹਣੇ ਛੱਲਦਾ

ਫੇਰ ਵਿਹਲ ਨਈਂ ਦਿੱਤੀ ਆਜ਼ਮ
ਉਹ ਤੇ ਰੋਜ਼ ਏ ਸੱਦੇ ਘੱਲਦਾ

## ਗ਼ਜ਼ਲ

ਚੁੱਪ ਹਨੇਰਾ ਅੱਖਰ ਚਾਨਣ
ਬੋਲ ਕਿ ਤੈਨੂੰ ਲੋਕੀਂ ਜਾਨਣ

ਦਾਨੇ ਬੀਨੇ ਮੰਗਦੇ ਡਿੱਠੇ
ਪਾਗਲ ਏਥੇ ਮੌਜਾਂ ਮਾਨਣ

ਜੀਅ ਕਰਦਾ ਏ ਲੋਕੀਂ ਮੈਨੂੰ
ਤੇਰੇ ਨਾਂ ਦੇ ਨਾਲ ਪਛਾਨਣ

ਤੱਕਣਾ ਉਹਨੂੰ ਹੱਜ ਕਾਅਬੇ ਦਾ
ਬੇਸ਼ੱਕ ਲੋਕੀਂ ਕਾਫ਼ਰ ਜਾਨਣ

ਸੱਜਣ ਪੈਰਾਂ ਹੇਠ ਵਿਛਾਵਣ
ਭਾਵੇਂ ਆਜ਼ਮ ਸਿਰ ਤੇ ਤਾਨਣ

## ਗ਼ਜ਼ਲ

ਤੇਰੇ ਰੰਗ ਜੇ ਰੰਗੀ ਹੁੰਦੀ
ਦੁਨੀਆਂ ਕਿੰਨੀ ਚੰਗੀ ਹੁੰਦੀ

ਯਾਰੀ ਤੋੜ ਵੀ ਚੜ੍ਹ ਸਕਦੀ ਸੀ
ਜੇ ਨਾ ਗ਼ਰਜ਼ਾਂ ਡੰਗੀ ਹੁੰਦੀ

ਦਿਲ ਦਾ ਵਿਹੜਾ ਖੁੱਲ੍ਹਾ ਰੱਖਦੇ
ਐਨੀ ਤੇ ਨਾ ਤੰਗੀ ਹੁੰਦੀ

ਤੇਰਾ ਸਾਥ ਵੀ ਮੰਗ ਲੈਂਦਾ ਮੈਂ
ਜੇਕਰ ਜ਼ਿੰਦੜੀ ਮੰਗੀ ਹੁੰਦੀ

ਤੂੰ ਨਾ ਹੁੰਦਾ ਤੇ ਇਹ ਧਰਤੀ
ਅੰਬਰਾਂ ਉੱਤੇ ਟੰਗੀ ਹੁੰਦੀ

ਬਹੁਤਾ ਚਿਰ ਨਈਂ ਵਸਦੇ ਆਜ਼ਮ
ਸੋਚ ਜਿੰਨ੍ਹਾਂ ਦੀ ਨੰਗੀ ਹੁੰਦੀ

# ਗ਼ਜ਼ਲ

ਇਲਮ ਦਾ ਨਾਹੀਂ ਕੋਈ ਹਿਸਾਬ
ਹਰ ਬੰਦਾ ਇੱਕ ਨਵੀਂ ਕਿਤਾਬ

ਭਾਵੇਂ ਲੱਖ ਦਲੀਲਾਂ ਘੜ
ਕਈ ਸਵਾਲ ਨੇ ਬਿਨਾਂ ਜਵਾਬ

ਖ਼ੁਸ਼ਬੂ ਖਿੱਲਰੀ ਜਾਦਾਂ ਦੀ
ਸੁੱਕੇ ਵੇਖੇ ਜਦੋਂ ਗੁਲਾਬ

ਕੰਮ ਕਿਸੇ ਦੇ ਆਵਣ ਲਈ
ਰੱਖੀਏ ਨਾ ਕੋਈ ਸੁੱਖ ਸਵਾਬ

ਪੜ੍ਹ ਕੇ ਕਾਫ਼ੀ ਬੁੱਲ੍ਹੇ ਦੀ
ਇਸ਼ਕ ਆਜ਼ਮ ਦੇ ਖੁੱਲ੍ਹੇ ਬਾਬ

## ਗ਼ਜ਼ਲ

ਪੈਰਾਂ ਥੱਲੇ ਹੋਵੇ ਸੂਰਜ ਸਿਰ ਤੇ ਹੋਵੇ ਭਾਵੇਂ
ਜੇਕਰ ਜ਼ੁੱਸੇ ਸ਼ੀਸ਼ਾ ਹੋਵਣ ਬਣਦੇ ਨਈਂ ਪਰਛਾਵੇਂ

ਭਾਵੇਂ ਔਕੜਾਂ ਥਾਂ ਚਾ ਮਾਰਨ ਭਾਵੇਂ ਸੂਲ਼ੀ ਚਾੜ੍ਹਨ
ਉਹਦੇ ਦਰ ਤੋਂ ਪੈਰ ਨਾ ਖਿੱਚੀਏ ਲੱਗੀਏ ਜਿਹਦੇ ਨਾਵੇਂ

ਏਸ ਵਰ੍ਹੇ ਵੀ ਦਿਲ ਦੀ ਖੇਤੀ ਇੰਲ੍ਹ ਦੀ ਸੱਜਣਾ ਹੋਈ
ਦੁੱਖਾਂ ਦਾ ਕੋਈ ਅੰਤ ਨਹੀਂ ਸੀ ਸੁੱਖ ਸਨ ਟਾਂਵੇਂ ਟਾਂਵੇਂ

ਵਿਛੜਨ ਲੱਗਿਆਂ ਜਿਹੜੇ ਰੁੱਖ ਤੇ ਧਾਗੇ ਹੈ ਸਨ ਬੱਧੇ
ਕਦੀ ਕਦਾਈਂ ਜਾ ਬਹਿਨਾਂ ਵਾਂ ਉਸੇ ਰੁੱਖ ਦੀ ਛਾਵੇਂ

ਮੈਂ ਆਂ ਸਿੱਧਾ ਸਾਦਾ ਆਜ਼ਮ ਉਹ ਦੁਨੀਆਂ ਦਾ ਪੜ੍ਹਿਆ
ਇੱਕ ਇੱਕ ਗੱਲ ਵਿੱਚ ਪਾ ਦਿੰਦਾ ਏ ਸੌ ਸੌ ਜਾਰ ਵਲਾਵੇਂ

## ਗ਼ਜ਼ਲ

ਕੈਦੀਆਂ ਵਾਂਗੂ ਉਮਰ ਹੰਢਾਈ ਜਾਨੇ ਆਂ
ਆਪਣੇ ਘਰ ਨੂੰ ਜੇਲ੍ਹ ਬਣਾਈ ਜਾਨੇ ਆਂ

ਸਾਹ ਦਾ ਭਾਰ ਜੇ ਚਾ ਨਈਂ ਹੁੰਦਾ ਸਾਡੇ ਤੋਂ
ਫਿਰ ਅੰਬਰ ਕਿਉਂ ਸਿਰ ਤੇ ਚਾਈ ਜਾਨੇ ਆਂ

ਸਾਡੇ ਵਰਗਾ ਕਦ ਕੋਈ ਝੱਲਾ ਹੋਣਾ ਏ
ਸੱਪਾਂ ਨੂੰ ਵੀ ਦੁੱਧ ਪਿਆਈ ਜਾਨੇ ਆਂ

ਏਸ ਗਲੀ ਚੋਂ ਹੋਰ ਤੇ ਕੁੱਝ ਵੀ ਲੱਭਿਆ ਨਈਂ
ਜੱਗ ਦੇ ਤਾਹਨੇ ਝੋਲੀ ਪਾਈ ਜਾਨੇ ਆਂ

ਆਜ਼ਮ ਆਪਣੀ ਜੰਨਤ ਵਰਗੀ ਬਸਤੀ ਨੂੰ
ਆਪਣੇ ਹੱਥੀਂ ਤੀਲੀ ਲਾਈ ਜਾਨੇ ਆਂ

# ਗ਼ਜ਼ਲ

ਠੰਢ ਸਰੀਰ ਨੂੰ ਪਲ ਪਲ ਸੱਲ੍ਹਦੀ
ਦੂਰ ਦੁਰਾਡੇ ਅੱਗ ਪਈ ਬਲਦੀ

ਫੁੱਲ ਖ਼ੁਸ਼ਬੋ ਤੋਂ ਖਾਲੀ ਹੋਏ
ਸੂਰਤ ਨਾਲ ਨਹੀਂ ਸੀਰਤ ਰਲਦੀ

ਉਸਦੇ ਸਿਰ ਲੱਸੀ ਦੀ ਚਾਟੀ
ਮੇਰੇ ਹੱਥ ,ਚ ਹੱਥੀ ਹਲ ਦੀ

ਵਿਛੜਿਆਂ ਹੋਇਆਂ ਉਮਰਾਂ ਲੰਘੀਆਂ
ਐਵੇਂ ਜਾਪੇ ਗੱਲ ਐ ਕੱਲ੍ਹ ਦੀ

ਸਾਰਾ ਜੱਗ ਈ ਡਰਦਾ ਮੈਥੋਂ
ਉਹਦੇ ਅੱਗੇ ਪੇਸ਼ ਨਹੀਂ ਚਲਦੀ

ਮੌਤ ਧਰੂੰਦੀ ਫਿਰਦੀ ਜ਼ੁੱਸਾ
ਜਿੰਦ ਖਲੋਤੀ ਹੱਥ ਪਈ ਮਲਦੀ

# ਗ਼ਜ਼ਲ

ਸੋਚਾਂ ਦਰ ਖੜਕਾਇਆ ਸਾਈਆਂ
ਕਾਗਜ਼ ਭਾਰ ਨਾ ਚਾਇਆ ਸਾਈਆਂ

ਮੇਰੀ ਅੰਬਰਾਂ ਨਾਲ ਨੀ ਨਿਭਣੀ
ਮੈਂ ਮਿੱਟੀ ਦਾ ਜਾਇਆ ਸਾਈਆਂ

ਹਿਜਰਾਂ ਮਾਰੀ ਅੱਖ ਦਾ ਤਾਰਾ
ਪਲਕ ਬਨੇਰੇ ਆਇਆ ਸਾਈਆਂ

ਉਹਦਾ ਮੁੱਖ ਪਰਤਾਵਾ ਮਾਰੂ
ਦੁੱਖ ਏ ਦੂਣ ਸਵਾਇਆ ਸਾਈਆਂ

ਚਿੜੀਆਂ ਪਾਇਆ ਚੀਕ ਚਿਹਾੜਾ
ਕਾਂ ਕੀ ਜ਼ੁਲਮ ਕਮਾਇਆ ਸਾਈਆਂ

ਦੁੱਖਾਂ ਮੇਰੀ ਕੁੱਲੀ ਤੱਕ ਲਈ
ਸੁੱਖਾਂ ਮੁੱਖ ਪਰਤਾਇਆ ਸਾਈਆਂ

## ਗ਼ਜ਼ਲ

ਏਸੇ ਗੱਲ ਦਾ ਸ਼ੁਕਰ ਮਨਾਵਾਂ
ਕਹਿਣ ਕਰਨ ਨੂੰ ਰੱਖਾਂ ਸਾਵਾਂ

ਸ਼ਿਅਰ ਸੁਣਾ ਮਜ਼ਦੂਰਾਂ ਜੋਗੇ
ਮਿਸਰਾ ਵਾਂਗ ਤਗਾਰੀ ਚਾਵਾਂ

ਇੱਲਾਂ ਕੋਲੋਂ ਖੋਹ ਕੇ ਰੋਟੀ
ਭੋਰੇ ਚਿੜੀਆਂ ਨੂੰ ਚਾ ਪਾਵਾਂ

ਦਾਨਸ਼ਮੰਦ ਏਂ, ਦੱਸਦਾ ਕਿਉਂ ਨਹੀਂ
ਬਹੀਆਂ ਸੋਚਾਂ ਕਿੰਞ ਮੁਕਾਵਾਂ

ਮੈਂ ਜੀਵਨ ਦੇ ਟੱਪਾਂ ਪਾਲੇ
ਜਾਂਦੇ ਵਕਤ ਨੂੰ ਕੈਂਚੀ ਪਾਵਾਂ

ਚੜ੍ਹ ਜਾਵਾਂ ਘੜਿਆਲ ਦੀ ਸੂਲ਼ੀ
ਨੱਥ ਅੜੀਅਲ ਟਿੱਕ ਟਿੱਕ ਨੂੰ ਪਾਵਾਂ

ਮੰਜ਼ਿਲ ਰਸਤੇ ਵਰਗੀ ਆਜ਼ਮ
ਸੂਲ਼ਾਂ ਜਿਸਰਾਂ ਹੋਣ ਖੜਾਵਾਂ

## ਗ਼ਜ਼ਲ

ਨ੍ਹੇਰੇ ਵਿੱਚ ਰੁਸ਼ਨਾਈ ਘੋਲ
ਪਹੁ ਫੁੱਟੇ ਕੁੱਝ ਮੂੰਹੋਂ ਬੋਲ

ਲੋਕਾਂ ਵਾਂਗੂੰ ਜੀਣਾ ਛੱਡਕੇ
ਜੀਵਨ ਦੇ ਬੰਦ ਬੂਹੇ ਖੋਲ

ਜਿਤ ਤੋਂ ਵੱਖਰਾ ਜੁੱਸਾ ਰੱਖਕੇ
ਅਮਲਾਂ ਦੀ ਤੱਕੜੀ ਵਿੱਚ ਤੋਲ

ਇਬਰਾਹੀਮ ਜੇ ਬਣ ਨਈਂ ਸਕਦਾ
ਬੁੱਝੀ ਅੱਗ ਨਾ ਬਹਿ ਕੇ ਫੋਲ

ਕੰਮ ਕੋਈ ਚੰਗਾ ਕਰਜਾ ਆਜ਼ਮ
ਐਵੇਂ ਨਾ ਜਿੰਦ ਆਪਣੀ ਰੋਲ

## ਸਾਂਈ ਸੁਨੇਹੜੇ ਘੱਲੇ

ਕੰਧਾਂ ਦੇ ਗਲ ਲੱਗ ਲੱਗ ਰੋਵਾਂ
ਬੂਹੇ ਬੰਦ ਤੇ ਸੁੰਞੀਆਂ ਗਲੀਆਂ
ਖਾਲੀ ਸ਼ਹਿਰ ਨੇ ਯਾਰਾਂ ਤੋਂ
ਥਾਵਾਂ ਸੱਭੇ ਪੱਕੀਆਂ ਜਾਪਣ
ਪਿੱਛਲ-ਪੈਰੀਆਂ ਮੁੜ ਮੁੜ ਝਾਕਣ
ਪਲ੍ਹ ਪਲ੍ਹ ਹਾਂ ਤੇ ਹੂਕਾਂ ਮਾਰਾਂ
ਕੋਈ ਦੱਮ ਦਰੂਦ ਨਾ ਚੱਲੇ
ਮੇਰਾ ਏ ਬਸ ਇੱਕੋ ਹਾੜ੍ਹਾ
ਸਾਈਂ ਸੁਨੇਹੜੇ ਘੱਲੇ

## ੩੫

ਰਾਤ ਸਮੇਂ ਇੱਕ ਸੁਗਨੂੰ ਚਮਕੇ
ਚੱਗਦਾ* ਫਿਰੇ ਹਨੇਰੇ ਨੂੰ
ਕੰਮੀਆਂ ਦੇ ਪੁੱਤ ਬਸਤਾ ਫੜ੍ਹਿਆ
ਚੜ੍ਹਿਆ ਤਾਪ ਵਡੇਰੇ ਨੂੰ

1-ਮੂਹ ਚੜ੍ਹਿਆਉਣਾ

## ਦਿਲ ਕਰਦਾ ਏ

ਉਹਦੇ ਖ਼ਤ ਵੀ ਮੋੜ ਦਿਆਂ
ਕੀਤੀ ਦਿਲੋਂ ਸਲਾਹ
ਜਿੱਧਰ ਗਈਆਂ ਬੇੜੀਆਂ
ਉਧਰ ਗਏ ਮਲਾਹ

## ਮਾਹੀ ਮੇਰਾ ਨਦੀਓਂ ਪਾਰ

ਕੋਈ ਪੁਲ, ਪੱਤਣ ਨਾ ਬੇੜੀ
ਰਹੀ ਖਲੋਤੀ ਸ਼ਾਮ ਉਰਾਰ
ਮਾਹੀ ਮੇਰਾ ਨਦੀਓਂ ਪਾਰ

ਸਦੀਆਂ ਜੇਡੀ ਲੰਮੀ ਵਿੱਥ ਏ
ਉਲ਼ ਪਿਆ ਜਾਪੇ ਗਲ ਦਾ ਹਾਰ
ਮਾਹੀ ਮੇਰਾ ਨਦੀਓਂ ਪਾਰ

ਸੱਜਣਾਂ ਜਦ ਦੀ ਕੰਡ ਏ ਕੀਤੀ
ਵੇਲੇ ਦਿੱਤੀ ਕੰਧ ਉਸਾਰ
ਮਾਹੀ ਮੇਰਾ ਨਦੀਓਂ ਪਾਰ

ਨਾਲ ਦਾ ਮੇਰੇ ਨਾਲ ਨੀ ਟੁਰਦਾ
ਕੀ ਜਾਣਾ ਏਂ ਕੱਲਿਆਂ ਯਾਰ
ਮਾਹੀ ਮੇਰਾ ਨਦੀਓਂ ਪਾਰ

ਬਾਹੋਂ ਫੜਕੇ ਲੈ ਚੱਲ ਆਜ਼ਮ
ਰਹਿ ਨਾ ਜਾਵਾਂ ਅੱਧ ਵਿਚਕਾਰ
ਮਾਹੀ ਮੇਰਾ ਨਦੀਓਂ ਪਾਰ

## ਵਿਛੋੜਾ

ਦੂਰ ਗਿਆਂ ਦਾ ਸੋਗ ਏ ਜੀਵਨ
ਹਿਜਰਾਂ ਵਾਲਾ ਰੋਗ ਏ ਜੀਵਨ
ਉਮਰਾਂ ਤੀਕਰ ਕੱਠੇ ਰਹਿ ਕੇ
ਓੜਕ ਇੱਕ ਵਿਜੋਗ ਏ ਜੀਵਨ

## ਮੌਤ ਦੀ ਵਿੱਥ

ਜਿਹਨੂੰ ਸੱਜਣ ਜਾਣਿਆ
ਬਣਿਆ ਗਲ ਦਾ ਹਾਰ
ਹੋਏ ਨਾ ਸਾਡੇ ਆਸ਼ਨਾ
ਵਸਲਾਂ ਨਾਲ ਪਿਆਰ

# ਮੈਂ ਆਦਮ ਦਾ ਜਾਇਆ

ਮੈਂ ਆਦਮ ਦਾ ਜਾਇਆ ਲੋਕੋ
ਮੈਂ ਆਦਮ ਦਾ ਜਾਇਆ
ਮੈਂ ਮਨਸੂਰ ਆਂ, ਸੂਲ਼ੀ ਸੀਤਾ
ਬਣ ਸੁਕਰਾਤ ਏ ਜ਼ਹਿਰ ਵੀ ਪੀਤਾ
ਥਾਂ ਥਾਂ ਢਾਹ ਗਲ ਪਾਇਆ
ਮੈਂ ਆਦਮ ਦਾ ਜਾਇਆ

ਮੈਂ ਮਜਨੂੰ, ਮੈਂ ਜੰਗਲ ਰੁਲਿਆ
ਬਣ ਫਰਹਾਦ, ਪਹਾੜ ਵੀ ਖੁਲਿਆ
ਹੋ ਜੋਗੀ ਮੈਂ ਕੰਨ ਪੜਵਾਇਆ
ਮੈਂ ਆਦਮ ਦਾ ਜਾਇਆ

ਮੈਂ ਸਾਂ ਦੇਸ਼ ਪਿਆਰ ਦਾ ਵਾਸੀ
ਆਜ਼ਮ ਟੁਰ ਪਈ ਨਾਲ ਉਦਾਸੀ
ਹਿਜਰਾਂ ਮੈਨੂੰ ਮਾਰ ਮੁਕਾਇਆ
ਮੈਂ ਆਦਮ ਦਾ ਜਾਇਆ

# ਦਿਲ ਦਰਿਆ

ਰੱਬਾ ਸਾਡੀ ਇੱਕ ਦੁਆ
ਕਰਦੇ ਸਾਡੇ ਦਿਲ ਦਰਿਆ

ਰੁੱਖ ਤੇ ਬਦਲੇ ਰੰਗ ਹਯਾਤੀ
ਮੁੱਕਦੇ ਜਾਂਦੇ ਸਾਰੇ ਚਾਅ

ਕੋਈ ਨਾ ਲਹਿੰਦਾ ਵਿੱਚ ਮੈਦਾਨ
ਬਾਹਰੋਂ ਦੱਸਣ ਸਾਰੇ ਦਾਅ

ਭਾਵੇਂ ਔਖਾ ਸੱਚ ਦਾ ਰਾਹ
ਸਾਨੂੰ ਉਸੇ ਰਾਹੇ ਪਾ

ਸੂਰਜ ਠਰਿਆ ਹੋਇਆ ਏ
ਆਜ਼ਮ ਆ ਕੇ ਸੱਚ ਮਚਾ

# ਅਖ਼ੀਰ

ਸੱਧਰ ਥੋੜ੍ਹੀ ਠਿਲਨਾ ਨਾਹੀਂ
ਵੱਤ ਕਿਸੇ ਨੂੰ ਮਿਲਨਾ ਨਾਹੀਂ
ਜਿਹੜੇ ਫੁੱਲ ਕਿਤਾਬਾਂ ਵਿੱਚ ਨੇ
ਉਹਨਾਂ ਕਦੇ ਵੀ ਖਿਲਨਾ ਨਾਹੀਂ

# ਕੈਦ

ਰੂਹ ਦਾ ਪੰਛੀ ਜੁੱਸੇ ਦੇ ਵਿੱਚ
ਚੁੱਪ ਚੁਪੀਤਾ ਬੈਠਾ ਰਹਿੰਦਾ
ਵੇਲੇ ਦੇ ਫੱਟ ਹਿੱਕ ਤੇ ਸਹਿੰਦਾ
ਆਖਿਰ ਇੱਕ ਦਿਨ ਛੱਡ ਕੇ ਪਿੰਜਰਾ
ਹੋਰ ਕਿਤੇ ਬਣ ਕੈਦੀ ਜਾਂਦਾ
ਇੱਕ ਪਿੰਜਰੇ ਤੋਂ ਦੂਜਾ ਪਿੰਜਰਾ
ਦੂਜੇ ਤੋਂ ਫਿਰ ਤੀਜਾ ਹੋਰ
ਕੈਦ ਜਿਵੇਂ ਤਕਦੀਰਾਂ ਵਿੱਚ ਏ
ਆਜ਼ਾਦੀ ਜ਼ੰਜੀਰਾਂ ਵਿੱਚ ਏ

# ਪਾਣੀ ਦਰਦ ਹਯਾਤੀ ਦਾ

ਯਾਦ ਤੇਰੀ ਦੀ ਢੇਰੀ ਵਿੱਚੋਂ
ਸੇਕ ਅਜੇ ਵੀ ਮੁੱਕਿਆ ਨਾਹੀਂ
ਅੱਖੀਆਂ ਦੇ ਵਿੱਚ ਵਗਦਾ ਪਾਣੀ
ਵੇਖ ਅਜੇ ਵੀ ਸੁੱਕਿਆ ਨਾਹੀਂ

# ਸੁਲਤਾਨ ਬਾਹੂ ਦੇ ਨਾਂ

ਦਿਲ ਦਰਿਆ ਦੇ ਕੰਢੇ ਟੁਰ ਟੁਰ
ਕਈ ਮੁਸਾਫ਼ਿਰ ਥੱਕੇ
ਕਈ ਡੁੱਬੇ ਇਸ਼ਨਾਨ ਕਰੇਂਦੇ
ਮਰ ਮਰ ਜਾਂਦੇ ਮੱਕੇ
ਮਰਨੋਂ ਡਰਦੇ ਪੈਰ ਨੀ ਧਰਦੇ
ਖੜੇ ਖਲੋਤੇ ਅੱਕੇ
ਕਈਆਂ ਲੱਖ ਟਿਕਾਣੇ ਕੀਤੇ
ਸੁਰ ਵੰਝਲੀ ਦੇ ਸੁਣ ਕੇ ਟੁਰ ਪਏ
ਦਰਦ ਮੁਸੱਲੇ ਤਾਣੇ
"ਦਿਲ ਦਰਿਆ ਸਮੁੰਦਰੋਂ ਡੂੰਘੇ
ਕੌਣ ਦਿਲਾਂ ਦੀਆਂ ਜਾਣੇ"

# ਬਹਿਰੂਪ

ਅੱਖ ਦੇ ਅੰਦਰ ਵੱਸਦੇ
ਸੂਰਜ ਸੁਹੱਪਣ ਰੂਪ

ਕੰਮ ਕਿਸੇ ਨਾ ਥਾਂ ਦੇ
ਜ਼ਾਹਿਰ ਦੇ ਬਹਿਰੂਪ

## ਪਾਣੀ ਰੰਗੀ ਅੱਖ

ਮੁੱਖੜਾ ਢਿੱਟੇ ਦਿਨ ਦੇ ਵਾਂਗੂੰ
ਪਾਣੀ ਰੰਗੀ ਅੱਖ
ਉਹਦੇ ਵਰਗਾ ਕੋਈ ਨਈਂ ਤੱਕਿਆ
ਮੇਰੇ ਵਰਗੇ ਲੱਖ
ਆਪਣੇ ਆਪ ਨੂੰ ਕਿਸਰਾਂ ਲੱਭੀਏ
ਆਪਣੇ ਆਪ ਤੋਂ ਵੱਖ

# ਢੋਲੇ ਦਾ ਸੁਕਰਾਤ

ਜ਼ਹਿਰ ਪਿਆਲੇ ਹੱਸ ਹੱਸ ਪੀਤੇ
ਇਸ਼ਕ ਦੇ ਸੁੱਚੇ ਸੌਦੇ ਕੀਤੇ

ਸੱਜਣਾਂ ਹੱਥੋਂ ਲੁੱਟੇ ਗਏ ਆਂ
ਰੱਬ ਦੀ ਕਸਮ ਏ ਚੁੱਪ ਚੁਪੀਤੇ

# ਗੌਰਮਿੰਟ ਕਾਲਜ ਦੀ ਇੱਕ ਯਾਦ

ਕਾਲਜ ਦੇ ਉਸ ਟਾਵਰ ਉੱਤੇ
ਪੱਖੂ ਅੱਜ ਵੀ ਬਹਿੰਦੇ ਨੇ

ਮਿੱਤਰਾਂ ਦੇ ਉਹ ਹਾਸੇ ਅੱਜ ਵੀ
ਦਿਲ ਦੇ ਅੰਦਰ ਰਹਿੰਦੇ ਨੇ

ਯਾਦ ਆਵਣ ਜਦ ਵਿੱਛੜੇ ਬੇਲੀ
ਤਾਰੇ ਅੱਖੀਂ ਲਹਿੰਦੇ ਨੇ

# ਇਕਲਾਪਾ

ਕਦੀ ਕਦੀ ਤੇ ਇੰਞ ਹੁੰਦਾ ਏ
ਗੁੰਮ ਜਾਨਾਂ ਵਾਂ ਯਾਦਾਂ ਵਿੱਚ
ਕਦੀ ਕਦੀ ਇੰਞ ਕੱਲਾ ਹੋਵਾਂ
ਰੁੱਖ ਜਿਉਂ ਸੁੰਞੀਆਂ ਬਾਗਾਂ ਵਿੱਚ

## ਰੱਬ ਦਾ ਰੂਪ

ਕੁੱਝ ਵੀ ਕਹੀਏ ਕੁੱਝ ਨੀ ਕਹਿੰਦਾ
ਚੁੱਪ ਚੁਪੀਤਾ ਵੇਂਹਦਾ ਰਹਿੰਦਾ
ਪਿਓ ਦਾ ਰੂਪ ਵਟਾ ਕੇ ਲੋਕੋ
ਰੱਬ ਏ ਸਾਡੇ ਘਰ ਵਿੱਚ ਰਹਿੰਦਾ

## ਇੱਕ ਹਯਾਤੀ ਭੋਗਣ ਦੇ ਲਈ

ਦਿਲ ਮੇਰਾ ਇੱਕ ਰੇਤ ਦੀ ਮੁੱਠ ਏ
ਸਹਿਜੇ ਸਹਿਜੇ ਕਿਰਦਾ ਜਾਵੇ
ਕੋਈ ਨਾ ਆਵੇ ਹੱਥ ਪੁਆਵੇ
ਰੇਤ ਕਿਰੇ ਜਾਂ ਅੱਖ ਚੋਂ ਹੰਝੂ
ਲੱਖ ਡੱਕੇ ਨਾ ਡੱਕਿਆ ਜਾਵੇ

# ਚੋਗ

ਉਹਦੇ ਵੱਲ ਜੋ ਕਾਗ ਉਡਾਏ
ਅੱਜ ਤੀਕਰ ਨਈਂ ਪਰਤਕੇ ਆਏ

ਓਥੇ ਜਾ ਕੇ ਭੁੱਲ ਗਏ ਉਹ ਵੀ
ਚੋਘੇ ਉੱਤੇ ਡੁੱਲ੍ਹ ਗਏ ਉਹ ਵੀ

ਉਹਦੇ ਰੰਗ ਰੰਗਈ ਗਏ ਹੋਣੇ
ਵਾਅਦੇ ਕਸਮਾਂ ਪੀ ਗਏ ਹੋਣੇ

ਮੈਂ ਤੇ ਸਭ ਕੁਝ ਹਾਰੀ ਬੈਠਾਂ
ਮੰਗਵੀਂ ਆਸ ਵੰਗਾਰੀ ਬੈਠਾਂ

## ਸੱਧਰ

ਰੱਬ ਕਰੇ ਜਿਉਂ ਦੁਖੀਆਂ ਲਈ ਮੈਂ
ਥਾਂ ਥਾਂ ਹਾਸੇ ਵੰਡਾਂ
ਅਦਬ ਪਰੋਈ ਖੇਸੀ ਨਾਲ ਮੈਂ
ਕੱਜਾਂ ਨੰਗੀਆਂ ਕੰਡਾਂ
ਖੋਹ ਖੋਹ ਰੋਟੀ ਕਾਵਾਂ ਕੋਲੋਂ
ਬਾਲਾਂ ਦੇ ਵਿੱਚ ਵੰਡਾਂ

## ਕਰੇਜ ਟੂ ਨੈ

ਕਾਲਜ ਦੇ
ਟਾਵਰ ਦੇ ਉੱਤੇ
ਪੱਖੂ ਆ ਕੇ ਬਹਿੰਦੇ ਨੇ
ਜਿਵੇਂ ਸਿਆਣੇ ਬੰਦੇ ਕੋਲੋਂ
ਲੋਕੀਂ ਮੱਤਾਂ ਲੈਂਦੇ ਨੇ

# ਧੜਕੂ

ਨਾ ਹੀ ਚਿੱਟਾ ਦੁੱਧ ਏ ਚਾਨਣ
ਨਾ ਹੀ ਘੁੱਪ ਹਨੇਰਾ
ਸੁੱਖ ਦੇ ਢੋਲ ਪਏ ਦੂਰ ਸੁਣੀਂਦੇ
ਦੁੱਖਾਂ ਪਾਇਆ ਘੇਰਾ
ਖਬਰੇ ਛੁੱਟ ਨੂੰ ਕੀ ਹੋ ਜਾਵੇ
ਡਰਦਾ ਏ ਦਿਲ ਮੇਰਾ

## ਕੱਚੀ ਨੀਂਦਰ

ਕੱਚੀ ਨੀਂਦਰ
ਉੱਠ ਬਹਿਨਾਂ ਵਾਂ
ਬਹ ਗਏ ਨੇ ਜਗਰਾਤੇ ਲੇਖ
ਅੱਖ ਵੀ ਚੁੱਪ ਏ
ਬੁੱਲ੍ਹ ਵੀ ਚੁੱਪ ਨੇ
ਚੁੱਪ ਨਹੀਂ ਹੁੰਦੇ ਲੋਕ
ਲੋਕ ਤ ਅੜਿਆ ਲੋਕ

## ਪਲਕ ਘਨੇਰੇ

ਆਜਾ ਹੁਣ ਤੇ ਆਜਾ ਸੱਜਣਾ
ਆਸਾਂ ਪੱਟ ਲਏ ਡੇਰੇ
ਜਿਸ ਰਾਤੀਂ ਤੂੰ ਆਵੇਂ ਅੜਿਆ
ਘਾਲਾਂ ਪਲਕ ਘਨੇਰੇ
ਕੂੜੀ ਜ਼ਾਤ ਦੀਆਂ ਚੀਰ ਕੇ ਛੱਲਾਂ
ਚੜ੍ਹੀਏ ਸੱਚ ਦੇ ਘੋੜੇ

# ਹੋਂਦ

ਪੱਥਰਾਂ ਦੀ ਇਸ ਨਗਰੀ ਦੇ ਵਿੱਚ
ਘਰ ਸ਼ੀਸ਼ੇ ਦਾ ਪਾ ਬੈਠੇ ਆਂ
ਵਿਹੜੇ ਬੇਰੀ ਲਾ ਬੈਠੇ ਆਂ
ਇਸ਼ਕ ਦੀ ਵਾਢੀ ਗਾਹ ਬੈਠੇ ਆਂ
ਬੀਜ ਕੇ ਉਹਦਾ ਪਿਆਰ ਦਿਲੇ ਵਿੱਚ
ਤੁੱਮੇ ਆਪ ਸੁਕਾ ਬੈਠੇ ਆਂ
ਆਪਣੀ ਹੋਂਦ ਗੁਆ ਬੈਠੇ ਆਂ

## ਤਾਂਘ

ਨਾਲੇ ਨਾਲ ਟੁਰੇ ਆਂ ਫਿਰ ਵੀ
ਦਿਲ ਵਿੱਚ ਰਹਿ ਗਈ ਤਾਂਘ
ਨੈਂ ਦੇ ਕਢਿਆਂ ਵਾਂਗ

## ਧੀਆਂ ਲਈ

ਚਾਰ ਚੁਫ਼ੇਰੇ

ਖੁਸ਼ੀਆਂ ਹੋਵਣ
ਸੁੱਖ ਦਾ ਹੋਵੇ ਰਾਜ
ਬਾਬੁਲ ਵਿਹੜੇ

ਫੁੱਟਣ ਹਾਸੇ
ਰੱਖ ਧੀਆਂ ਦੀ ਲਾਜ

# ਕੂਕ

ਨਾਲ ਤੇਰੇ ਸੀ ਖਿੜੀ ਹਯਾਤੀ
ਨਾਲ ਤੇਰੇ ਸਨ ਜਿਉਂਦੇ ਚਾਅ
ਜ਼ਿੰਦੜੀ ਹੋਈ ਸਾਹੋ ਸਾਹ
ਕੀਤੇ ਸਮੇਂ ਨੇ ਵਾਰ ਕਪਾਹ
ਨਿਕਲੇ ਦਮ ਦਮ ਹਾਂ ਚੋਂ ਹਾਅ
ਮੁੜ ਕੇ ਆਣਾ ਵੱਸ ਨਈਂ ਤੇਰੇ
ਅੱਖੀਆਂ ਲੱਖ ਲੱਖ ਹੰਝੂ ਕੇਰੇ
ਅੱਖ ਉਡੀਕਾਂ ਤਾੜੇ ਲੱਗੀਆਂ
ਸੁੰਞ ਮਸੁੰਞੇ ਸਾਰੇ ਰਾਹ
ਕਦੀ ਤੇ ਆ ਕੇ ਝਾਤੀ ਪਾ

# ਪਲੂਸ਼ਣ

ਭੋਲਪੁਣੇ ਵਿੱਚ
ਵੈਰ ਕਮਾਈਏ
ਆਪਣਾ ਆਪ ਹੀ
ਪਏ ਮੁਕਾਈਏ
ਕੋਥਰੀ ਕਰੀਏ ਉਹ ਵਾਅ
ਜਿੱਥੇ ਸਾਡੇ ਕੱਲ੍ਹ ਦੇ ਵਾਰਸ
ਲੈਂਦੇ ਪਏ ਨੇ ਅੱਜ ਦੇ ਸਾਹ

# ਪ੍ਰੋਟੋਕੋਲ

ਮੈਂ ਤੇ ਮੇਰਾ ਜਿਗਰੀ ਯਾਰ
ਸ਼ਿਮਲਾ ਪਹਾੜੀ ਦੇ ਉਸ ਪਾਰ
ਕਿਸੇ ਖ਼ਿਆਲ 'ਚ ਰਮਕੇ ਰਮਕੇ
ਜਾਂਦੇ ਪਏ ਸਾਂ ਸੜਕੇ ਸੜਕੇ
ਅਚਨਚੇਤੀ ਸਾਡੇ ਪਿੱਛੋਂ
ਪੱਖੂਆਂ ਪਾਇਆ ਚੀਕ ਚਿਹਾੜਾ
ਸੁਣ ਦੂਰੋਂ ਖਪਰੇ ਦੀ ਸੂਕਰ
ਪੈਦਲ ਫੁਟਪਾਥਾਂ ਤੇ ਬਹਿ ਗਏ
ਕੀੜੇ ਕਾਢੇ ਖੁੱਡ ਵਿਚ ਲਹਿ ਗਏ
ਮੈਂ ਤੇ ਮੇਰਾ ਬੇਲੀ ਸੱਜਣੋਂ
ਕੀ ਕੁਝ ਆਪਣੀ ਜਾਨ ਤੇ ਸਹਿ ਗਏ

# ਬੁਝਾਰਤ

ਅਚਨਚੇਤੀ ਸੱਜਣ ਪਿਆਰਾ
ਅੱਖਾਂ ਤੇ ਹੱਥ ਧਰ ਕੇ ਪੁੱਛੇ
ਬੁੱਝ ਮੈਂ ਕੌਣ ਆਂ
ਹੱਥਾਂ ਨਾਲ ਹੱਥਾਂ ਨੂੰ ਛੋਹ ਕੇ
ਜੇ ਸੱਜਣ ਦੀ ਸਿਆਣ ਨਾ ਹੋਵੇ
ਬੰਦਾ ਅੰਦਰੋਂ ਟੁੱਟ ਜਾਂਦਾ ਏ

# ਧਰਤੀ ਦਾ ਮਾਣ

ਤੇਰੇ ਮੁੜ੍ਹਕੇ ਦੀ ਖੁਸ਼ਬੋ
ਸੱਜਰੇ ਵੇਲੇ ਦੀ ਕਨਸੋਅ
ਤੂੰ ਏ ਸਾਡਾ ਹਾਰ ਸ਼ਿੰਗਾਰ
ਰੱਬ ਵੀ ਤੈਨੂੰ ਆਖੇ ਯਾਰ
ਤੇਰੇ ਮੱਥੇ ਦੇ ਏਹ ਵੱਟ
ਸੋਨੇ ਚਾਂਦੀ ਤੋਂ ਨਹੀਂ ਘੱਟ
ਤੇਰੇ ਹੱਥਾਂ ਦੀਆਂ ਚੰਡੀਆਂ
ਜਿਨ੍ਹਾਂ ਨਾਲ ਆਬਾਦ ਨੇ ਮੰਡੀਆਂ
ਤੇਰੇ ਛਾਲਿਆਂ ਦੇ ਪਾਣੀ
ਸਾਡੀ ਸਾਵੀ ਰੱਖੀ ਟਾਹਣੀ

# ਵੇਲੇ ਦੀ ਗੱਲ

ਇੱਕ ਵਾਰੀ ਤੇ ਇੰਝ ਵੀ ਹੋਇਆ
ਹੱਸਦਿਆਂ ਹੱਸਦਿਆਂ, ਮੇਰੇ ਹਾਸੇ
ਜ਼ਾਤ ਦੇ ਕੰਢਿਓਂ ਬਾਹਰ ਨੂੰ ਡੁੱਲ੍ਹੇ
ਖਬਰੇ ਅੱਜ ਕੀ ਝੱਖੜ ਝੁੱਲੇ
ਜਿਨ੍ਹਾਂ ਰਲ ਮਿਲ ਹੋਂਦ ਮੇਰੀ ਦੇ
ਕਿੱਲੇ ਸਭ ਉਖਾੜ ਦਿੱਤੇ ਨੇ
ਪਰਬਤ ਕੁੱਲ ਪਛਾੜ ਦਿੱਤੇ ਨੇ
ਰੁੱਖ ਵੀ ਸੱਭੇ ਸਾੜ ਦਿੱਤੇ ਨੇ
ਕਰ ਛੱਡਿਆ ਏ ਨਿਮੋਝਾਣਾ
ਆਪਣੀ ਸ਼ਾਖ ਨੂੰ ਆਪੇ ਛਾਣਾਂ

# ਰੱਬ

ਜਿਹਦੀ ਮੁੱਠ ਵਿੱਚ ਕੈਦ ਏ ਸੂਰਜ
ਜਿਹਦੇ ਹੱਥ ਹਵਾ
ਜਿਹਦੇ ਵਿਹੜੇ ਰਾਤ ਖਿਡਾਵੇ
ਗੌਦੀ ਸੁਫ਼ਨੇ ਚਾਅ
ਜਿਹਨੇ ਦਿਨ ਨੂੰ ਲੇਖ ਦਿੱਤਾ ਏ
ਰਾਤ ਨੂੰ ਦਿੱਤੀ ਠਾਰ
ਸਭ ਦਾ ਪਾਲਣਹਾਰ

# ਮਿੱਟੀ ਦਾ ਮੋਹ

ਕਦ ਤੱਕ ਦੇਣ ਦਿਲਾਸੇ ਦਿਲ ਨੂੰ
ਹੱਥੀਂ ਪੁੱਤਰ ਟੋਰਨ
ਕਦ ਤੱਕ ਧੀਆਂ ਡੋਲੀ ਪਾਵਣ
ਲੱਠੇ ਵਿੱਚ ਕਫ਼ਨਾਕੇ
ਕਦ ਤੱਕ ਅੱਖਾਂ ਚੁਮਣ ਮਿੱਟੀ
ਚੁਨੀ ਹੇਠ ਲੁਕਾ ਕੇ

## ਤਮਾਸ਼ਾ

ਆਪਣੇ ਪੈਰੀਂ ਆਪ ਕੁਹਾੜੀ ਮਾਰ ਗਈ
ਆਪ ਤਮਾਸ਼ਾ ਆਪੇ ਤਾੜੀ ਮਾਰ ਗਈ
ਇਕ ਲੁੱਗੇ ਨੂੰ ਆਪੇ ਅੱਗਾਂ ਲਾ ਗਈਆਂ
ਆਪਣੇ ਹੱਥੀਂ ਜਿੱਤੀ ਬਾਜ਼ੀ ਹਾਰ ਗਈ

## ਝੋਰਾ

ਇੱਕੋ ਆਸ ਤੇ ਰੋਜ਼ ਹੀ ਉਹਨੂੰ
ਕਿਥ ਘੱਟਨਾਂ ਦਾਂ ਹਾੜ੍ਹੇ
ਰੱਬ ਜਾਣੇ ਉਹ ਪਛੂ ਬਣੇ ਜਾਂ
ਪਛੂਨ ਤੋਂ ਪਹਿਆਂ ਪਾੜ੍ਹੇ

## ਰੱਤ ਈ ਵੈਰੀ ਜਾਪੇ

ਦਰਦਾਂ ਮਾਰੇ ਜੁੱਸੇ ਅੰਦਰ
ਪੀੜਾਂ ਕਰਨ ਸਿਆਪੇ
ਰੱਤ ਈ ਵੈਰੀ ਜਾਪੇ

ਐਸੀ ਪਈ ਏ ਮਾਰ ਹਿਜਰ ਦੀ
ਲੂੰ ਕੰਡੇ ਸੰਤਾਪੇ
ਰੱਤ ਈ ਵੈਰੀ ਜਾਪੇ

ਲੋਭ ਨੇ ਦਿੱਤਾ ਦੇਸ਼ ਨਿਕਾਲਾ
ਨਾ ਸਹੁਰੇ ਨਾ ਮਾਪੇ
ਰੱਤ ਈ ਵੈਰੀ ਜਾਪੇ

ਵਿੱਚ ਟੱਬਰ ਦੇ ਹੁੰਦਿਆਂ ਸੁੰਦਿਆਂ
ਸਹਿਣੇ ਪਏ ਇਕਲਾਪੇ
ਰੱਤ ਈ ਵੈਰੀ ਜਾਪੇ

ਚੁੱਪ ਦੇ ਜੰਦਰੇ ਮਾਰ ਲਏ ਨੇ
ਆਪਣੇ ਘਰ ਵਿੱਚ ਆਪੇ
ਰੱਤ ਈ ਵੈਰੀ ਜਾਪੇ

## ਓਪਰੀ ਥਾਂ

ਇਸ ਤੋਂ ਅੱਗੇ ਕਾਲੀਆਂ ਛੱਲਾਂ
ਜਿੰਨ੍ਹਾਂ ਦੇ ਵਿੱਚ ਪਾਣੀ ਦੀ ਥਾਂ
ਰੱਤ ਫੁੱਲਾਂ ਦੀ ਤਰਦੀ
ਇਸ ਤੋਂ ਅੱਗੇ ਇੱਕ ਧਰੇਤੀ.....

ਹਰ ਪਾਸੇ ਪਰਛਾਵੇਂ ਦਿਸਦੇ
ਜਿਹੜੇ ਸਕਲਾਂ ਲੈਣ ਤੋਂ ਨੱਸਦੇ
ਮੈਨੂੰ ਸ਼ਕਲ ਲੁਕਾਣੀ ਔਖੀ
ਓਥੇ ਰਾਤ ਲੰਘਾਣੀ ਔਖੀ

## ਕੂੰਜਾਂ ਮੋਈਆਂ

ਵਿਛੜਨ ਜਿਹੀਆਂ ਸੰਗਤਾਂ ਹੋਈਆਂ
ਡਾਰੀਂ ਰਲੀਆਂ ਕੂੰਜਾਂ ਮੋਈਆਂ
ਜਿਹੜੇ ਦਿਨ ਉਹ ਵਿਛੜਿਆਂ ਮੈਥੋਂ
ਘਰ ਦੀਆਂ ਸੱਭੇ ਕੰਧਾਂ ਰੋਈਆਂ

## ਮੇਰੇ ਦਿਲ ਜੀਵਨ ਦੇ ਚਾਅ

ਮੈਨੂੰ ਵਿੰਨਿਆਂ ਜੱਗ ਦੇ ਤਾਹਨਿਆਂ
ਮੇਰਾ ਅੰਦਰ ਲੀਰੋ ਲੀਰ
ਮੈਨੂੰ ਕੌਲਾਂ ਕੈਦੀ ਕਰ ਲਿਆ
ਮੈਨੂੰ ਰਸਮਾਂ ਛੱਡਿਆ ਚੀਰ
ਮੈਂ ਅੱਧੋਰਾਣੀ ਹੋ ਗਈ
ਮੈਨੂੰ ਦੂਜੀ ਵਾਰ ਧਣਾ
ਮੇਰੇ ਦਿਲ ਜੀਵਨ ਦੇ ਚਾਅ

ਜਿੱਥੇ ਬਹਿੰਦੇ ਪਾ ਗਲਵੱਕੜੀ
ਆ ਉਸੇ ਥਾਂ ਤੇ ਅੱਜ
ਮੁੜ ਕਾਅਦਾ ਤੱਕੀਏ ਇਸ਼ਕ ਦਾ
ਮੁੜ ਕਰੀਏ ਰਲ ਮਿਲ ਹੱਸ
ਅੱਜ ਮਾਰ ਕੇ ਸੱਦ ਵੈਰਾਗ ਦੇ
ਮੇਰੀ ਉੱਜੜੀ ਝੋਕ ਵਸਾ
ਮੇਰੇ ਦਿਲ ਜੀਵਨ ਦੇ ਚਾਅ

ਮੇਰੇ ਨੱਕ ਵਿੱਚ ਨੱਥਲੀ ਰੀਝ ਦੀ
ਨਹੀਂ ਭੌਏਂ ਤੇ ਟਿਕਦੇ ਪੈਰ
ਕੰਨਾਂ ਦੇ ਝੁਮਕੇ ਆਖਦੇ
ਝੱਟ ਠਹਿਰ ਓ ਵੇਲਿਆ ਠਹਿਰ
ਮੈਨੂੰ ਆਜ਼ਮ ਜੇ ਨਹੀਂ ਤੱਕਣਾ
ਮੇਰਾ ਜੋਬਨ ਕਿਹੜੇ ਭਾਅ
ਮੇਰੇ ਦਿਲ ਜੀਵਨ ਦੇ ਚਾਅ

# ਡੂੰਘੇ ਫੱਟ

ਸੂਹੇ ਫੁੱਲਾਂ ਦੇ ਰੰਗ ਪੀਲੇ ਨੇ
ਖੁਸ਼ੀਆਂ ਉਚਾਲਾ* ਕਰ ਗਈਆਂ

ਮੋਏ ਰੁੱਖਾਂ ਦੀ ਰਲ ਕੇ ਚਿੜੀਆਂ ਨੇ
ਵੈਣ ਕਰਕੇ ਮਕਾਣ ਦਿੱਤੀ ਏ

ਗੋਲੀਆਂ ਮੀਂਹ ਦੇ ਵਾਂਗਰ ਵਰ੍ਹੀਆਂ
ਮੇਰੀਆਂ ਚੀਕਾਂ ਥਾਂ ਤੇ ਮਰ ਗਈਆਂ

ਹੁਣ ਤੇ ਭੋਂਏ ਦੇ ਕਲੇਜੜੇ ਅੰਦਰ
ਅੱਗੇ ਨਾਲੋਂ ਵੀ ਫੱਟ ਡੂੰਘੇਰੇ ਨੇ

1- ਹਿਜਰਤ ਕਰਨਾ

# ਹਾੜ੍ਹਾ

ਸਾਡੀ ਅੱਧ ਪਚੱਧੀ ਹੋਂਦ ਏ
ਸਾਡੇ ਕੱਚੇ ਨਕਸ਼ ਨਿਗਾਰ

ਅਸੀਂ ਨਵੀਂਆਂ ਖੇਡਾਂ ਖੇਡੀਏ
ਅਸੀਂ ਤੁਰਦੇ ਅੱਖਾਂ ਭਾਰ

ਸਾਡਾ ਸੰਸਪਲ ਕੋਟ ਹਿਜਰ ਦਾ
ਸਾਡੇ ਲੂੰ ਲੂੰ ਉਠਦਾ ਮੱਚ

ਸਾਡੇ ਗਲ਼ ਵਿੱਚ ਫਾਹ ਹੈ ਚੁੱਪ ਦਾ
ਅਸੀਂ ਬੋਲ ਜੋ ਬੈਠੇ ਸੱਚ

ਸਾਡੇ ਅੱਖੀਂ ਸੁਰਮਾ ਅਲੜ੍ਹ ਦਾ
ਸਾਡੀ ਗੁੜ੍ਹਤੀ ਵਿੱਚ ਧਮਾਲ

ਅਸੀਂ ਅੰਦਰੋਂ ਪੱਕੇ ਪੀਡੜੇ
ਸਾਨੂੰ ਕੋਈ ਸਮਝਣ ਵਾਲ

ਅਸੀਂ ਉਸ ਵੇਲੇ ਨੂੰ ਕੋਸਦੇ
ਜਦ ਅੱਖਾਂ ਹੋਈਆਂ ਚਾਰ

ਅਸੀਂ ਬਾਹਰੋਂ ਜਿਤਿਆ ਜੱਗ ਨੂੰ
ਅਸੀਂ ਅੰਦਰੋਂ ਮੰਨੀ ਹਾਰ


ਸਾਡੀ ਅੱਖ ਕਵੇਲੇ ਉੱਘੜੀ
ਹੋਏ ਸੁਫ਼ਨੇ ਲੀਰੋ ਲੀਰ

ਸਾਨੂੰ ਹਿਜਰ ਸਿਆਪੇ ਮਾਰਿਆ
ਹੁਣ ਕਰੀਏ ਕੀ ਤਦਬੀਰ

ਕੋਈ ਪੀਰ ਫਕੀਰ ਨਹੀਂ ਛੱਡਿਆ
ਅਸੀਂ ਹਿੱਲੇ ਕੀਤੇ ਲੱਖ

ਸਾਡੇ ਲੂੰ ਲੂੰ ਜ਼ਹਿਰਾਂ ਭਰੀਆਂ
ਨਾ ਜੀਭਾਂ ਮਾਰ ਕੇ ਚੱਖ

# ਘੋੜੀਆਂ



ਜਦੋਂ ਹੱਥ ਕਲਮ ਨੂੰ ਲਾਇਆ
ਪਹਿਲਾਂ ਤੇਰਾ ਨਾਂ ਲਿਖਿਆ।

ਅਸਾਂ ਵੇਖਣਾ ਏ ਸ਼ਹਿਰ ਮਦੀਨਾ
ਸੱਭੇ ਦੁੱਖ ਮੁੱਕ ਜਾਵਣੇ।

ਵੇ ਮੈਂ ਅੱਖਾਂ ਵਿੱਚ ਰਾਤ ਗੁਜ਼ਾਰਾਂ
ਤਾਰੇ ਮੈਨੂੰ ਨਿੱਤ ਗਿਣਦੇ।

ਅਸੀਂ ਇੱਜ਼ਤਾਂ ਦੇ ਬੋਹੜ ਉਗਾਏ
ਮੁੱਢਾਂ ਥੱਲੇ ਧੀਆਂ ਨੱਪ ਕੇ।

ਕੀਤੀ ਜਾਣ ਤੇਰੀ ਦੀ ਗੌਡੀ
ਪਿੱਪਣੀ* ਤੇ ਤਾਰੇ ਜੰਮ ਪਏ।

ਮੈਂ ਅੱਜ ਵੀ ਅੱਧੀ ਦੀ ਅੱਧੀ
ਪੁੱਤਾ ਤੈਨੂੰ ਪੂਰਾ ਜੰਮ ਕੇ

1- ਪਲਕਾਂ

ਉਹਨੇ ਮੇਰੇ ਵੱਲ ਮੁੱਖ ਪਰਤਾਇਆ
ਮੈਂ ਵੇਖ ਲਿਆ ਦਿਨ ਚੜ੍ਹਦਾ।

ਸਿਰ ਧਰਤੀ ਨੇ ਕੱਜਣਾ ਏ ਤੇਰਾ
ਅੰਬਰਾਂ 'ਚ ਰਹਿਣ ਵਾਲੀਏ।

# ਟੱਪੇ



ਅੜੀਏ ਅੜੀਏ ਅੜੀਏ
ਸਾਰਾ ਜੱਗ ਭੁੱਲ ਜਾਂਦਾ
ਜਦੋਂ ਹਰਫ਼ ਇਸ਼ਕ ਦਾ ਪੜ੍ਹੀਏ ।

ਅੜੀਆਂ ਅੜੀਆਂ ਅੜੀਆਂ
ਅੱਖਾਂ ਵਾਲੀ ਗੱਲ ਮੁੱਕ ਗਈ
ਪਿੱਛੇ ਰਹਿ ਗਈਆਂ ਸਾਵਣ ਝੜੀਆਂ ।

ਤਾਰੇ ਤਾਰੇ ਤਾਰੇ
ਚਿੱਟੇ ਦਿਨ ਵੇਖ ਲਏ
ਤੇਰੇ ਇਸ਼ਕਾ ਰੰਗ ਨਿਆਰੇ ।

ਹਉਕੇ ਹਉਕੇ ਹਉਕੇ
ਭਾਵੇਂ ਡੂੰਘੀ ਨੈਂ ਚੀਰ ਲਈ
ਮੁੱਕੇ ਫਿਰ ਵੀ ਨਾ ਅੱਖੀਆਂ ਦੇ ਸੋਕੇ।

ਡੋਕੇ ਡੋਕੇ ਡੋਕੇ
ਸਾਹਵਾਂ ਵਾਲੀ ਬਾਜ਼ੀ ਜਿੱਤਣੀ
ਸਾਨੂੰ ਮਰਨ ਤੋਂ ਕੋਈ ਨਾ ਰੋਕੇ ।

ਥੜ੍ਹਿਆ ਥੜ੍ਹਿਆ ਥੜ੍ਹਿਆ
ਯਾਰ ਜਦੋਂ ਬੂਹਾ ਖੋਲ੍ਹਿਆ
ਡਿੱਠਾ ਜੱਗ ਨੂੰ ਗਲੀਏ ਖੜ੍ਹਿਆ।

ਖੜ੍ਹਿਆ ਖੜ੍ਹਿਆ ਖੜ੍ਹਿਆ
ਤੀਲਾ ਤੀਲਾ ਫਾਹੀ ਖਿੱਲਰੀ
ਜਦ ਮਿੱਤਰਾਂ ਨੂੰ ਫੱਸ ਵਿੱਚ ਫੜਿਆ ।

ਰੜੀਆਂ ਰੜੀਆਂ ਰੜੀਆਂ
ਉਹ ਘਰ ਨਹੀਉਂ ਵਸਦੇ
ਜਿੱਥੇ ਮੱਜਹ ਕਰਦੇ ਅੜੀਆਂ।

# ਮਾਹੀਏ



ਚੰਨ ਵਰਗਾ ਮੁੱਖੜਾ ਏ
ਅੰਬਰਾਂ ਦੇ ਰੋਗਾਂ ਦਾ
ਕਿੱਡਾ ਧਰਤੀ ਨੂੰ ਦੁੱਖੜਾ ਏ।

ਟਾਹਲੀ ਦਾ ਰੁੱਖ ਮਾਹੀਆ
ਇੰਝ ਏ ਸਾਹਵੇਂ ਬੈਠਾ ਰਹੁ
ਸਾਨੂੰ ਤੇਰੀ ਭੁੱਖ ਮਾਹੀਆ।

ਹੁਣ ਇੰਝ ਦਾ ਗੁਜ਼ਾਰਾ ਏ
ਤੇਰੀ ਸਹੁੰ ਤੇਰਾ
ਰੱਬ ਵਰਗਾ ਸਹਾਰਾ ਏ

ਦੁੱਖ ਤੇਰੇ ਮਾਰ ਗਏ
ਬਾਜ਼ੀ ਇਸ਼ਕੇ ਦੀ
ਅਸੀਂ ਜਿੱਤ ਕੇ ਹਾਰ ਗਏ।

ਕੋਈ ਬੂਟਾ ਬਰਨੇ ਦਾ
ਇਸ਼ਕ ਦੇ ਡੰਗਿਆਂ ਨੂੰ
ਕੋਈ ਡਰ ਨਈਂ ਮਰਨੇ ਦਾ।

ਜੰਨਤਾਂ ਦੇ ਵਾਸੀ ਨੇ
ਸੜਕਾਂ ਨੂੰ ਰੰਗਿਆ ਏ
ਗੂੜ੍ਹੇ ਰੰਗ ਦੀ ਉਦਾਸੀ ਨੇ।

# ਸੂਰਜਾਂ ਦੇ ਵਾਰਿਸ ਪ੍ਰਕਾਸ਼ਨ ਦੀਆਂ ਨਵੀਆਂ ਕਿਤਾਬਾਂ




ਕਿਤਾਬ ਖ਼ਰੀਦਣ ਅਤੇ ਪਬਲਿਸ਼ ਕਰਵਾਉਣ ਲਈ ਸੰਪਰਕ ਕਰੋ-

ਗੁਰਪ੍ਰੀਤ ਸਿੰਘ ਥਿੰਦ , ਮੋ. 8648893000

ਬਠਿੰਡਾ, ਪਟਿਆਲਾ, ਜ਼ੀਰਕਪੁਰ

ਫੇਸਬੁੱਕ ਪੇਜ - ਸੂਰਜਾਂ ਦੇ ਵਾਰਿਸ ਪ੍ਰਕਾਸ਼ਨ

*Www.soorjandewaris.com*
*soorjandewaris@gmail.com*
*Instagram –Soorjan.de.waris*